DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ (ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 27 Ending Date: Jul 03, 2025

LW LAKHE WALE JEWELLERS
ਲੱਖੇਵਾਲੇ ਜਿਊਲਰਜ਼ ਜਗਰਾਉਂ ਵਾਲੇ
Manufacture, Retail, Wholesaler
ਅਸੀਂ ਸੋਨੇ ਦੇ ਗਹਿਣੇ ਬਣਾਉਂਦੇ ਹਾਂ ਹੋਲਸੇਲ ਅਤੇ ਰੀਟੇਲ
(604) 503-2655
#162-12899 80 Ave, Surrey
(PAYAL BUSINESS CENTRE)
www.lakhewalejewellers.com lwjwellers@gmail.com

# ਬੀਜੇਪੀ ਦੇ ਇੱਕੀਵੀਂ ਸਦੀ ਦੇ ਰਾਮਰਾਜ ਵਿੱਚ ਰਿਸ਼ੀ ਸ਼ੰਭੂਕ ਦਾ ਵੰਸ਼ਜ਼ ਫਿਰ ਜਲੀਲ ਹੋਇਆ?

## ਭਾਰਤ ਵਿੱਚ ਭਾਰੂ ਹੋ ਰਹੀ ਮਨੂੰਵਾਦੀ ਸੋਚ:ਦਲਿਤਾਂ ਅਤੇ ਘੱਟਗਿਣਤੀਆਂ ਦਾ ਭਵਿੱਖ ਖਤਰੇ ਵਿੱਚ

ਯੂਪੀ(ਗੁਰਿੰਦਰਪਾਲ ਸਿੰਘ ਧਨੌਲਾ):ਮਹਾਂਰਿਸ਼ੀ ਵਾਲਮੀਕਿ ਜੀ ਵੱਲੋਂ ਰਚਿਤ ਰਾਮਾਇਣ ਦੇ ਉੱਤਰਕਾਂਡ ਵਿੱਚ ਸ਼ੰਭੂਕ ਦੀ ਕਹਾਣੀ ਦਰਜ਼ ਹੈ ਕਿ "ਜਦੋਂ ਸ੍ਰੀ ਰਾਮ ਅਯੁੱਧਿਆ ਵਿੱਚ ਰਾਜ ਕਰ ਰਹੇ ਸਨ, ਉਨ੍ਹਾਂ ਦੇ ਸ਼ਾਸਨ ਨੂੰ ਨਿਆਂ ਅਤੇ ਧਰਮ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਇੱਕ ਦਿਨ, ਇੱਕ ਬ੍ਰਾਹਮਣ ਆਪਣੇ ਮਰੇ ਹੋਏ ਪੁੱਤਰ ਦੀ ਲਾਸ਼ ਲੈ ਕੇ ਸ੍ਰੀ ਰਾਮ ਦੇ ਦਰਬਾਰ ਵਿੱਚ ਪਹੁੰਚਿਆ ਅਤੇ ਰੋਂਦੇ ਹੋਏ ਕਿਹਾ ਕਿ ਉਸ ਦੇ ਪੁੱਤਰ ਦੀ ਅਚਾਨਕ ਮੌਤ ਰਾਜ ਵਿੱਚ ਕਿਸੇ ਅਧਰਮੀ ਕੰਮ ਕਾਰਨ ਹੋਈ ਹੈ, ਕਿਉਂਕਿ ਰਾਮਰਾਜ ਵਿੱਚ ਅਜਿਹੀ ਅਕਾਲ ਮੌਤ ਸੰਭਵ ਨਹੀਂ ਸੀ। ਸ੍ਰੀ ਰਾਮ ਨੇ ਇਸ ਮਾਮਲੇ ਦੀ ਜਾਂਚ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਮੁਨੀਆਂ ਅਤੇ ਰਿਸ਼ੀਆਂ ਨਾਲ ਸਲਾਹ-ਮਸ਼ਵਰਾ ਕੀਤਾ, ਜਿਨ੍ਹਾਂ ਨੇ ਦੱਸਿਆ ਕਿ ਰਾਜ ਵਿੱਚ ਸ਼ੰਭੂਕ ਨਾਮਕ ਇੱਕ ਸ਼ੂਦਰ ਜਾਤੀ ਦਾ ਵਿਅਕਤੀ ਤਪੱਸਿਆ (ਤਪ) ਕਰ ਰਿਹਾ ਹੈ, ਜੋ ਕਿ ਉਸ ਸਮੇਂ ਦੇ ਸਮਾਜਿਕ ਨਿਯਮਾਂ ਅਨੁਸਾਰ ਸ਼ੂਦਰਾਂ ਲਈ ਵਰਜਿਤ ਸੀ।ਇਹ ਅਧਰਮੀ ਕੰਮ ਰਾਜ ਵਿੱਚ ਅਸੰਤੁਲਨ ਦਾ ਕਾਰਨ ਮੰਨਿਆ ਗਿਆ।ਸ੍ਰੀ ਰਾਮ ਨੇ ਸ਼ੰਭੂਕ ਨੂੰ ਲੱਭਣ ਲਈ ਜੰਗਲ ਵਿੱਚ ਜਾਣ ਦਾ ਫੈਸਲਾ ਕੀਤਾ। ਜੰਗਲ ਵਿੱਚ ਉਨ੍ਹਾਂ ਨੂੰ ਸ਼ੰਭੂਕ ਤਪੱਸਿਆ ਕਰਦਾ ਮਿਲਿਆ। ਸ਼ੰਭੂਕ ਨੇ ਸ੍ਰੀ ਰਾਮ ਨੂੰ ਦੱਸਿਆ ਕਿ ਉਹ ਇੱਕ ਸ਼ੂਦਰ 'ਹੈ ਅਤੇ ਤਪੱਸਿਆ ਕਰਕੇ ਸਵਰਗ ਪ੍ਰਾਪਤ ਕਰਨਾ ਚਾਹੁੰਦਾ ਹੈ।ਸ੍ਰੀ ਰਾਮ ਨੇ ਧਰਮ ਦੀ ਰੱਖਿਆ ਅਤੇ ਸਮਾਜਿਕ ਵਿਵਸਥਾ ਨੂੰ ਕਾਇਮ ਰੱਖਣ ਦੇ ਨਾਂ 'ਤੇ, ਸ਼ੰਭੂਕ ਨੂੰ ਮਾਰ ਦਿੱਤਾ।

ਇਸ ਤਰ੍ਹਾਂ ਅੱਜ ਵੀ ਆਰ ਐੱਸ ਐੱਸ ਅਤੇ ਬੀਜੇਪੀ ਵੱਲੋਂ ਹਿੰਦੋਸਤਾਨ ਤੇ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਵਿੱਚ ਯੋਗੀ ਅਦਿੱਤਿਆ ਨਾਥ ਦੀ ਅਗਵਾਈ ਵਿੱਚ ਰਾਮ ਰਾਜ ਹੋਣ ਦਾ ਦਾਹਵਾ ਕੀਤਾ ਜਾ ਰਿਹਾ ਹੈ। ਬੇਸ਼ਕ ਨਿਆਂ ਪੱਖੋਂ ਤਾਂ ਰਾਮਰਾਜ ਨਾ ਹੋਵੇ ਪ੍ਰੰਤੂ ਦਲਿਤਾਂ ਪ੍ਰਤੀ ਸਦੀਆਂ ਪੁਰਾਣੀ ਸ਼ੰਭੂਕ ਰਿਸ਼ੀ ਦੇ ਕਤਲ ਕਰਨ ਵਾਲੀ ਮਾਨਸਿਕਤਾ ਵੱਲ ਬਿਲਕੁੱਲ ਸੱਚ ਨਜ਼ਰ ਆ ਰਿਹਾ ਹੈ।ਯੂਪੀ ਦੇ ਇਟਾਵਾ ਜ਼ਿਲੇ ਦੇ ਪਿੰਡ ਦਾਦਰਪੁਰ ਵਿੱਚ ਭਾਗਵਤ ਕਥਾ ਕਰਨ ਆਏ ਇਕ ਕਥਾਵਾਚਕ ਨਾਲ ਵੀ ਪਿੰਡ ਦੇ ਬ੍ਰਾਹਮਣ ਸਮਾਜ ਨੇ ਉਹ ਹੀ ਕੀਤਾ ਜੋ ਭਗਵਾਨ ਰਾਮ ਦੇ ਰਾਜ ਵਿੱਚ ਬ੍ਰਾਹਮਣਾਂ ਨੇ ਭਗਵਾਨ ਰਾਮ ਤੋਂ ਕਰਵਾਇਆ। ਘਟਨਾ ਦੇ ਮਿਲੇ ਵੇਰਵਿਆਂ ਅਨੁਸਾਰ 21 ਜੂਨ ਨੂੰ ਮਨੀ ਮੁਕਟ ਸਿੰਘ ਯਾਦਵ ਨਾਂ ਦਾ ਕਥਾਵਾਚਕ ਜੋ ਕਿ ਅਖੌਤੀ ਛੋਟੀ ਜਾਤ ਦਾ ਹੋਕੇ ਬ੍ਰਾਹਮਣਾਂ ਦੇ ਪਿੰਡ ਕਥਾ ਕਰਨ ਆ ਗਿਆ। ਪਿੰਡ ਵਿੱਚ ਮੰਦਿਰ ਦੇ ਪੁਜਾਰੀ ਅਤੇ ਹੋਰਾਂ ਨੇ ਉਸ ਨੂੰ ਕਿਹਾ ਕਿ ਉਹ "ਚਮਾਰ" ਜਾਤ ਦਾ ਹੋ ਕੇ ਉਨ੍ਹਾਂ ਦੇ ਪਿੰਡ ਵਿੱਚ ਕਿਵੇਂ ਕਥਾ ਕਰ ਰਿਹਾ ਹੈ।

ਮਨੀ ਮੁਕਟ ਸਿੰਘ ਯਾਦਵ ਨੇ ਕਿਹਾ ਕਿ ਉਹ ਚਮਾਰ ਨਹੀਂ ਯਾਦਵ ਹੈ।ਪਰ ਫਿਰ ਇਤਰਾਜ਼ ਹੋਇਆ ਕਿ ਬ੍ਰਾਹਮਣਾਂ ਦੇ ਪਿੰਡ ਵਿੱਚ ਕੋਈ ਛੋਟੀ ਜਾਤ ਦਾ ਚਮਾਰ ਜਾਂ ਯਾਦਵ ਕਥਾਵਾਚਕ ਭਾਗਵਤ ਕਰਨ ਕਿਵੇਂ ਆ ਗਿਆ। ਇਸ ਨੂੰ ਮੁੱਦਾ ਬਣਾਕੇ ਪਿੰਡ ਦੇ ਜਾਤ ਹੰਕਾਰੀ ਬ੍ਰਾਹਮਣ ਤਬਕੇ ਨੇ ਮਨੀ ਮੁਕਟ ਸਿੰਘ ਯਾਦਵ ਨੂੰ ਬੰਦੀ ਬਣਾਕੇ ਉਸ ਤੇ ਰਾਤ ਭਰ ਤਸ਼ੱਦਦ ਕੀਤਾ।



ਉਸ ਤੋਂ ਬਾਅਦ ਸਿਰ ਦਾ ਖੜਾ ਜਿਹਾ ਹਿੱਸਾ ਗੰਜਾ ਕਰਕੇ ਪਿੰਡ ਦੀ ਇੱਕ ਬ੍ਰਾਹਮਣ ਔਰਤ ਨੂੰ ਕਿਹਾ ਕਿ ਉਹ ਆਪਣਾ ਪਿਸ਼ਾਬ ਲੈ ਕੇ ਆਵੇ।ਉਸ ਦਾ ਮੂਤ ਮਨੀ ਮੁਕਟ ਸਿੰਘ ਯਾਦਵ ਉੱਤੇ ਛਿੜਕਿਆ ਗਿਆ ਤੇ ਕਿਹਾ ਗਿਆ ਕਿ ਹੁਣ ਬ੍ਰਾਹਮਣ ਦੇ ਪਿਸ਼ਾਬ ਨਾਲ ਉਹ ਪਵਿੱਤਰ ਹੋ ਗਿਆ ਹੈ ਇਸ ਸਮੇਂ ਬਜਰੰਗ ਬਲੀ ਦੇ ਨਾਅਰੇ ਲਗਵਾਏ। ਉਸ ਕੋਲੋਂ ਜ਼ਮੀਨ 'ਤੇ ਨੱਕ ਰਗੜਵਾਇਆ ਗਿਆ ਅਤੇ ਘਟੀਆ ਕਰਮ ਅਤੇ ਜ਼ਲਾਲਤ ਕਰਦਿਆਂ ਯਾਦਵ ਦੀ ਵੀਡੀਓ ਵੀ ਬਣਾਈ ਗਈ ਮਨੀ ਮੁਕਟ ਸਿੰਘ ਯਾਦਵ ਨੇ ਇਟਾਵਾ ਦੇ ਪੁਲਿਸ ਮੁਖੀ ਨੂੰ ਇਸ ਸਬੰਧੀ ਲਿਖਤੀ ਸ਼ਕਾਇਤ ਦੇਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਯੂਪੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਖਲੇਸ਼ ਯਾਦਵ ਅਤੇ ਹੋਰ ਬਹੁਤ ਸਾਰੀਆਂ ਸਿਆਸੀ ਧਾਰਮਿਕ ਅਤੇ ਦਲਿਤ ਜਥੇਬੰਦੀਆਂ ਨੇ ਇਸ

(ਬਾਕੀ ਸਫਾ ਬੀ-14 ਤੇ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ• ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
Rani Sidhu
Rani Sidhu:604-504-3400
Aman:604-800-3003
Email:sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

Pacific HOME WARRANTY
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
Canada day Special
Free Gift on purchase of $50
Senior Citizen Discount
5% Off
Every Thursday
Except on Dairy Products
June 27–July 03
ਸੰਤਰੇ
Mandarins / Kinno
Per lb
$1.49
ਪੇਠਾ ਕਦੂ
Petha Kadu
Per lb
$1.99
ਰੋਮਾ ਟਮਾਟਰ
Roma Tomato
Per lb
$0.99
ਲਸਨ
Garlic
Per lb
$1.49
ਰੁਸੈਟ ਆਲੂ
Russet Potatoes
10 Lbs each
$3.99
ਅਦਰਕ
Ginger
per lb
$1.49
ਹਰੀ ਬੰਦ ਗੋਬੀ
Cabbage
Per lb
$0.79
ਸਨਤਰੇ
Large Orange
Per lb
$0.99
ਨਿੰਬੂ
Limes
5 for
$1.00
ਘਰ ਸੇ ਗੁੜ / ਸ਼ਕਰ
Ghar Se Gur / Shakkar
1 Kg
$3.99
ਹੀਮਾਨੀ ਬਾਸਮਤੀ
Hemani Premium XXL Basmati Rice
11 Lbs
$11.99
ਸਵੇਰਾ ਪਨੀਰ
Savera Paneer
341 gms
$4.49
ਬਰਾੜ ਰਸਮਲਾਈ
Brar Rasmalai Assorted
850 gms
$8.99
ਅੰਬੇ ਸਰੋਂ ਦਾ ਤੇਲ
Ambay Mustard Oil
1 Ltr
$4.99
ਆਸ਼ਿਰਵਾਦ ਆਟਾ
Aashirwad Whole Wheat Atta
20 Lbs
$15.99
ਮੈਪਸਟਰ ਗੋਲਗਪੇ
Mampster Golgappa
290 gms
$8.99
*while supply last
Open 7 Days a Week
8:30 am to 9:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# 40 ਸਾਲ ਬਾਅਦ ਕਨਿਸ਼ਕ ਜਹਾਜ਼ ਹਾਦਸੇ ਦੇ ਮੁੱਖ ਸ਼ੱਕੀ ਦੀ ਹੋਈ ਪਛਾਣ:ਕੈਨੇਡਾ ਪੁਲਿਸ ਨੇ ਕੀਤਾ ਦਾਅਵਾ

ਵੈਨਕੂਵਰ:ਏਅਰ ਇੰਡੀਆ ਦੀ ਉਡਾਣ ਨੰਬਰ 182 ਕਨਿਸ਼ਕ ’ਚ ਹੋਏ ਬੰਬ ਧਮਾਕੇ ਦੇ ਲਗਭਗ 40 ਸਾਲ ਬਾਅਦ, ਇਸ ਨਾਲ ਜੁੜੀ ਇੱਕ ਵੱਡੀ ਜਾਣਕਾਰੀ ਸਾਹਮਣੇ ਆਈ ਹੈ। ਇਸ ਮਾਮਲੇ ਦੇ ਸੰਬੰਧ ’ਚ ਕੈਨੇਡੀਅਨ ਮਾਊਂਟੇਡ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਉਸ ਗੁਮਨਾਮ ਵਿਅਕਤੀ ਦੀ ਪਛਾਣ ਕਰ ਲਈ ਹੈ ਜਿਸਨੇ ਉਡਾਣ ਤੋਂ ਕੁਝ ਹਫ਼ਤੇ ਪਹਿਲਾਂ ਬੰਬ ਦਾ ਨਿਰੀਖਣ ਕੀਤਾ ਸੀ। ਹਾਲਾਂਕਿ ਉਨ੍ਹਾਂ ਨੇ ਉਸ ਵਿਅਕਤੀ ਦਾ ਨਾਮ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ।ਦਰਅਸਲ, 23 ਜੂਨ, 1985 ਨੂੰ, ਕਨਿਸ਼ਕ ਜਹਾਜ਼ ਆਇਰਲੈਂਡ ਦੇ ਤੱਟ ‘ਤੇ ਉਸ ’ਚ ਲੱਗੇ ਬੰਬ ਕਾਰਨ ਫਟ ਗਿਆ ਸੀ। ਇਸ ਜਹਾਜ਼ ਧਮਾਕੇ ਵਿੱਚ 329 ਮਾਸੂਮ ਲੋਕਾਂ ਦੀ ਜਾਨ ਚਲੀ ਗਈ। ਇਸ ਭਿਆਨਕ ਦੁਖਾਂਤ ਦੇ 40 ਸਾਲ ਪੂਰੇ ਹੋਣ ਵਾਲੇ ਹਨ।ਤੁਹਾਨੂੰ ਦੱਸ ਦੇਈਏ ਕਿ ਆਰਸੀਐਮਪੀ ਦੇ ਸਹਾਇਕ ਕਮਿਸ਼ਨਰ ਡੇਵਿਡ ਟੇਬੋਲ ਨੇ ਵੈਨਕੂਵਰ ਸਨ ਨਾਲ ਗੱਲਬਾਤ ’ਚ ਖੁਲਾਸਾ ਕੀਤਾ ਕਿ ਮਿਸਟਰ ਐਕਸ ਦੀ ਪਛਾਣ ਹੋ ਗਈ ਹੈ। ਉਸਨੇ ਦਾਅਵਾ ਕੀਤਾ ਕਿ ਉਸਦੀ ਮੌਤ ਹੋ ਗਈ ਹੈ। ਇਹੀ ਕਾਰਨ ਹੈ ਕਿ ਨਿੱਜਤਾ ਕਾਨੂੰਨਾਂ ਤਹਿਤ ਉਸਦਾ ਨਾਮ ਪ੍ਰਗਟ ਨਹੀਂ ਕੀਤਾ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਟੇਬੋਲ ਇੱਕ ਕੈਨੇਡੀਅਨ ਵਫ਼ਦ ਨਾਲ ਆਇਰਲੈਂਡ ਪਹੁੰਚੇ ਸਨ।ਆਰਸੀਐਮਪੀ ਨੇ ਕਿਹਾ ਹੈ ਕਿ ਖਾਲਿਸਤਾਨੀ ਅੱਤਵਾਦੀ ਹਮਲੇ ਦੀ ਜਾਂਚ ਅਜੇ ਵੀ ਚੱਲ ਰਹੀ ਹੈ, ਟੇਬੋਲ ਨੇ ਮੰਨਿਆ ਕਿ ਮਾਮਲੇ ਨੂੰ ਕਿਸੇ ਹੋਰ ਮੁਕੱਦਮੇ ’ਚ ਲਿਜਾਣ ਦੀ ਬਹੁਤ ਘੱਟ ਸੰਭਾਵਨਾ ਹੈ।ਰਿਪੋਰਟ ਦੇ ਅਨੁਸਾਰ, ਆਰਸੀਐਮਪੀ ਨੇ ਕਿਹਾ ਕਿ ਮਿਸਟਰ ਐਕਸ 4 ਜੂਨ, 1985 ਨੂੰ ਏਅਰ ਇੰਡੀਆ ਬੰਬ ਧਮਾਕੇ ਦੇ ਮਾਸਟਰਮਾਈਂਡ ਤਲਵਿੰਦਰ ਸਿੰਘ ਪਰਮਾਰ ਨਾਲ ਬ੍ਰਿਟਿਸ਼ ਕੋਲੰਬੀਆ ਦੇ ਡੰਕਨ ਨਾਮਕ ਖੇਤਰ ’ਚ ਗਏ ਸਨ। ਇਹੀ ਉਹ ਥਾਂ ਸੀ ਜਿੱਥੇ ਉਨ੍ਹਾਂ ਦੋਵਾਂ ਨੇ ਇਲੈਕਟ੍ਰੀਸ਼ੀਅਨ ਇੰਦਰਜੀਤ ਸਿੰਘ ਰਿਆਤ ਨਾਲ



ਜੰਗਲਾਂ ’ਚ ਬੰਬ ਟੈਸਟ ਕੀਤਾ ਸੀ।ਕਿਹਾ ਜਾਂਦਾ ਹੈ ਕਿ ਇਸ ਟੈਸਟ ਦੀ ਆਵਾਜ਼ ਕੈਨੇਡਾ ਦੀ ਖੁਫੀਆ ਏਜੰਸੀ ਦੇ ਏਜੰਟਾਂ ਨੇ ਸੁਣੀ ਸੀ।ਹਾਲਾਂਕਿ, ਉਨ੍ਹਾਂ ਨੇ ਇਸ ਆਵਾਜ਼ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਨ੍ਹਾਂ ਨੂੰ ਲੱਗਿਆ ਕਿ ਇਹ ਗੋਲੀ ਦੀ ਆਵਾਜ਼ ਹੈ।ਮਿਸਟਰ ਐਕਸ ਦੀ ਪਛਾਣ ‘ਤੇ ਪ੍ਰਤੀਕਿਰਿਆ ਦਿੰਦੇ ਹੋਏ, ਪੱਛਮੀ ਵੈਨਕੂਵਰ ਦੇ ਸਾਬਕਾ ਪੁਲਿਸ ਮੁਖੀ ਕਾਸ਼ ਹੀਡ ਨੇ ਕਿਹਾ ਕਿ ਮੈਨੂੰ ਪਿਛਲੇ 40 ਸਾਲਾਂ ’ਚ ਇਸ ਜਾਂਚ ਦੇ ਤਰੀਕੇ ਨਾਲ ਨਫ਼ਰਤ ਹੈ। ਇਸ ਨਾਲ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਨਿਰਾਸ਼ਾ ਹੋਰ ਵੀ ਵਧ ਗਈ ਹੈ।


ਇਸ ਤੋਂ ਇਲਾਵਾ, ਉਨ੍ਹਾਂ ਨੇ ਪੁੱਛਿਆ ਕਿ ਕੀ ਪੀੜਤਾਂ ਨਾਲ ਵੀ ਇਹੀ ਵਿਵਹਾਰ ਕੀਤਾ ਜਾਂਦਾ ਭਾਵੇਂ ਉਨ੍ਹਾਂ ਦੀ ਚਮੜੀ ਦਾ ਰੰਗ ਵੱਖਰਾ ਹੁੰਦਾ? ਕੀ ਸਾਡੇ ਕੋਲ ਅਜੇ ਵੀ ਗੁਪਤ ਜਾਣਕਾਰੀ ਹੈ? ਇੱਕ ਹੋਰ ਮੁਕੱਦਮੇ ਬਾਰੇ ਬਿਆਨ ਦਿੰਦੇ ਹੋਏ, ਹੀਡ, ਜੋ ਬ੍ਰਿਟਿਸ਼ ਕੋਲੰਬੀਆ ’ਚ ਸਾਲਿਸਿਟਰ ਜਨਰਲ ਸਨ, ਨੇ ਕਿਹਾ ਕਿ ਮੇਰੇ ਦ੍ਰਿਸ਼ਟੀਕੋਣ ਤੋਂ ਤੁਸੀਂ ਦੇਖੋਗੇ ਕਿ ਜਾਂਚ ਲਈ ਬਹੁਤ ਸੀਮਤ ਸਰੋਤਾਂ ਦੀ ਵਰਤੋਂ ਕੀਤੀ ਜਾਵੇਗੀ।

# 9ਵਾਂ ਸਾਲਾਨਾ ਮੇਲਾ ਵਿਰਸੇ ਦਾ 9 ਅਗਸਤ ਨੂੰ ਤਿਆਰੀਆਂ ਜ਼ੋਰਾਂ ਤੇ




ਐਬਟਸਫੋਰਡ (ਮਲਕੀਤ ਸਿੰਘ)-ਵਿਰਸਾ ਫਾਊਂਡੇਸ਼ਨ ਵੱਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਨੌਵਾਂ ਸਲਾਨਾ ਮੇਲਾ ਵਿਰਸੇ ਦਾ ਇਸ ਸਾਲ 9 ਅਗਸਤ ਸ਼ਨੀਵਾਰ ਨੂੰ ਐਬਸਫੋਰਡ ਦੇ ਰਮਣੀਕ ਹਰਿਆਵਲੇ ਪਹਾੜਾਂ ਦੀ ਗੋਦ ਚ ਸਥਿਤ 45 82 ਬੈਲ ਰੋਡ ਵਿਖੇ ਕਰਵਾਏ ਜਾਣ ਸਬੰਧੀ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਧਰਮਵੀਰ ਧਾਲੀਵਾਲ ਅਤੇ ਉਨਾ ਦੀ ਪੂਰੀ ਟੀਮ ਵੱਲੋਂ ਇਸ ਸਬੰਧੀ ਵਿਸਥਾਰਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਐਤਕੀ ਕਰਵਾਏ ਜਾ ਰਹੇ ਇਸ ਮੇਲੇ ਚ ਸ਼ਾਮਿਲ ਹੋਣ ਲਈ ਪੰਜਾਬੀ ਭਾਈਚਾਰੇ ਦੀਆਂ ਔਰਤਾਂ ਚ ਕਾਫੀ ਉਤਸ਼ਾਹ ਵੇਖਿਆ ਜਾ ਰਿਹਾ ਹੈ।ਉਹਨਾਂ ਇਹ ਵੀ ਦੱਸਿਆ ਕਿ ਦੁਪਹਿਰ 12:30 ਤੋਂ ਸ਼ਾਮੀ 6 30 ਵਜੇ ਤੱਕ ਕਰਵਾਏ ਜਾਣ ਵਾਲੇ ਇਸ ਮੇਲੇ ਚ ਪ੍ਰਸਿੱਧ ਪੰਜਾਬੀ ਗਾਇਕਾ ਕਮਲਜੀਤ ਨੀਰੂ, ਚਰਨਜੀਤ ਚੰਨੀ, ਦੀਪ ਕੌਰ ,ਰਮਨ ਸੰਧੂ ਤੋਂ ਇਲਾਵਾ ਉੱਘੇ ਪੰਜਾਬੀ ਗਾਇਕ ਵਿਜੇ ਯਮਲਾ, ਸਿਮਰ ਦਿਓਲ ,ਇਕਨੂਰ ਧਾਲੀਵਾਲ ਆਪੋ ਆਪਣੇ ਚੋਣਵੇਂ ਗੀਤਾਂ ਦੀ ਛਹਿਬਰ ਲਾ ਕੇ ਹਾਜ਼ਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ।ਕੈਲਗਿਰੀ ਤੋ ਡਾ ਬਲਵਿੰਦਰ ਕੌਰ ਬਰਾੜ ਅਤੇ ਮੈਡਮ ਬਚਿੰਤ ਕੌਰ ਬਰਾੜ (ਧਰਮਵੀਰ ਦੇ ਪ੍ਰਾਈਮਰੀ ਸਕੂਲ ਦੇ ਅਧਿਆਪਕ ਹਨ )ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ।ਅਖੀਰ ਚ ਉਹਨਾਂ ਇਹ ਵੀ ਦੱਸਿਆ ਕਿ ਇਸ ਮੇਲੇ ਚ ਪੰਜਾਬੀ ਵਿਰਸੇ ਨਾਲ ਸੰਬੰਧਿਤ ਪੁਰਾਤਨ ਮਾਹੌਲ ਦੀ ਦਿੱਖ ਪੇਸ਼ ਕਰਨ ਵਾਲੀਆ ਪੁਰਾਤਨ ਵਸਤਾਂ ਦੀ ਨੁਮਾਇਸ਼ ਵੀ ਲਗਾਈ ਜਾਵੇਗੀ।ਇਸ ਮੌਕੇ ਤੇ ਦਸਮੇਸ ਸਕੂਲ ਦੇ ਸਟਾਫ ਅਤੇ ਬੱਚਿਆਂ ਵੱਲੋਂ ਪੰਜਾਬ ਦੇ ਸਕੂਲ ਦਾ ਪੁਰਾਤਨ ਦਿਸ ਵੀ ਪੇਸ਼ ਕੀਤਾ ਜਾਵੇਗਾ।

BADH
Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4


KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com





Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਵਿਦੇਸ਼ ਤੋਂ ਗ੍ਰਿਫ਼ਤਾਰੀ ਲਈ ਇੰਟਰਪੋਲ ਬਲਿਊ ਨੋਟਿਸ ਜਾਰੀ

ਚੰਡੀਗੜ੍ਹ: ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਵਾਸੀ ਲੁਧਿਆਣਾ ਦੇ ਕਤਲ ਮਾਮਲੇ ਵਿਚ ਨਾਮਜ਼ਦ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਗ੍ਰਿਫ਼ਤਾਰੀ ਲਈ ਹੁਣ ਬਠਿੰਡਾ ਵੱਲੋਂ ਇੰਟਰਪੋਲ ਬਲਿਊ ਨੋਟਿਸ ਜਾਰੀ ਕੀਤਾ ਗਿਆ ਹੈ ਤਾਂ ਜੋ ਉਸ ਨੂੰ ਛੇਤੀ ਬਾਹਰੀ ਮੁਲਕ ਵਿਚੋਂ ਲੱਭ ਕੇ ਗ੍ਰਿਫ਼ਤਾਰ ਕੀਤਾ ਜਾ ਸਕੇ। ਜਦਕਿ ਇਸ ਮਾਮਲੇ ਵਿਚ ਸ਼ਾਮਲ ਉਸ ਦੇ ਸਾਥੀ ਰਣਜੀਤ ਸਿੰਘ ਵਾਸੀ ਪਿੰਡ ਸੋਹਲ ਅਤੇ ਪੰਜਵੇਂ ਅਣਪਛਾਤੇ ਵਿਅਕਤੀ ਨੂੰ ਹਾਲੇ ਤਕ ਪੁਲਿਸ ਲੱਭ ਨਹੀਂ ਸਕੀ। ਇਸ ਸਬੰਧੀ ਬਠਿੰਡਾ ਦੇ ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਨੇ ਕਿਹਾ ਕਿ ਕੰਚਨ ਕੁਮਾਰੀ ਉਰਫ਼ ਕਮਲ ਭਾਬੀ ਦੇ ਕਤਲ ਨੂੰ ਅੰਜਾਮ ਦੇਣ ਮਗਰੋਂ ਅੰਮ੍ਰਿਤਪਾਲ ਸਿੰਘ ਮਹਿਰੋਂ ਯੂਨਾਈਟਿਡ ਅਰਬ ਅਮੀਰਾਤ ਭੱਜ ਗਿਆ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਜਿਥੇ ਪਹਿਲਾਂ ਲੁੱਕ ਆਊਟ ਸਰਕੁਲਰ ਜਾਰੀ ਕੀਤਾ ਗਿਆ ਸੀ, ਉਥੇ ਹੁਣ ਬਿਊਰੋ ਆਫ਼ ਇਨਵੈਸਟੀਗੇਸ਼ਨ ਨੂੰ ਇੰਟਰਪੋਲ ਨਾਲ ਰਾਬਤਾ ਕਰਨ ਲਈ ਪੱਤਰ ਲਿਖਿਆ ਹੈ ਤੇ ਉਸ ਦਾ ਇੰਟਰਪੋਲ ਬਲਿਊ ਨੋਟਿਸ ਜਾਰੀ ਕਰਵਾਇਆ ਗਿਆ ਹੈ।





# ਅਮਰੀਕਾ ਵਿੱਚ ਟਰੰਪ ਵਿਰੁੱਧ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ




ਵਾਸ਼ਿੰਗਟਨ:ਨਿਊਯਾਰਕ ਦੀਆਂ ਸੜਕਾਂ 'ਤੇ 'ਈਰਾਨ ਵਿਰੁੱਧ ਜੰਗ ਨਹੀਂ' ਦੇ ਨਾਅਰੇ ਈਰਾਨ ਦੇ ਪ੍ਰਮਾਣੂ ਸਥਾਨਾਂ 'ਤੇ ਅਮਰੀਕੀ ਹਮਲੇ ਤੋਂ ਬਾਅਦ, ਅਮਰੀਕਾ ਭਰ ਵਿੱਚ ਡੋਨਾਲਡ ਟਰੰਪ ਵਿਰੁੱਧ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਨਿਊਯਾਰਕ, ਵ੍ਹਾਈਟ ਹਾਊਸ ਅਤੇ ਹੋਰ ਵੱਡੇ ਸ਼ਹਿਰਾਂ ਦੀਆਂ ਸੜਕਾਂ 'ਤੇ ਲੋਕਾਂ ਨੇ 'ਈਰਾਨ ਵਿਰੁੱਧ ਜੰਗ ਨਹੀਂ' ਦੇ ਨਾਅਰੇ ਲਗਾਏ। ਇਹ ਪ੍ਰਦਰਸ਼ਨ ਸਿਰਫ਼ ਨਿਊਯਾਰਕ ਤੱਕ ਸੀਮਿਤ ਨਹੀਂ ਰਹੇ, ਸਗੋਂ ਅਮਰੀਕਾ ਦੇ ਸਾਰੇ 50 ਰਾਜਾਂ ਵਿੱਚ ਟਰੰਪ ਵਿਰੋਧੀ ਅੰਦੋਲਨ ਦੀ ਯੋਜਨਾ ਬਣਾਈ ਗਈ ਹੈ। ਵਿਰੋਧੀ ਸਮੂਹਾਂ ਵੱਲੋਂ ਟਰੰਪ ਦੀ ਨੀਤੀ ਅਤੇ ਈਰਾਨ 'ਤੇ ਹੋਰ ਹਮਲੇ ਨਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਵੱਡੇ ਸ਼ਹਿਰਾਂ ਜਿਵੇਂ ਐਸ਼ਵਿਲ (ਉੱਤਰੀ ਕੈਰੋਲੀਨਾ), ਬਾਲਟੀਮੋਰ, ਲਾਸ ਐਨਜਲਜ਼, ਨਿਊਯਾਰਕ, ਵਾਸ਼ਿੰਗਟਨ ਡੀ.ਸੀ. ਆਦਿ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਲੋਕਾਂ ਦੀ ਭੀੜ ਨੇ ਟਰੰਪ ਵਿਰੁੱਧ ਨਾਅਰੇ ਲਗਾਏ ਅਤੇ ਅਮਰੀਕਾ ਨੂੰ ਯੁੱਧ ਤੋਂ ਦੂਰ ਰਹਿਣ ਦੀ ਅਪੀਲ ਕੀਤੀ।


Punjab TRAVELS
Special offer!

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5



SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC



CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# 1966 ਤੋਂ ਬਾਅਦ ਕੋਈ ਇਕ ਵੀ ਸਿੱਖ ਮੰਗ ਕਿਉਂ ਨਹੀਂ ਮੰਨੀ ਗਈ?



ਸਰਕਾਰਾਂ, ਧਾਰਮਕ ਜਥੇਬੰਦੀਆਂ ਦੀਆਂ ਮੰਗਾਂ ਵੀ ਉਦੋਂ ਹੀ ਮੰਨਦੀਆਂ ਹਨ ਜਦ ਉਨ੍ਹਾਂ ਪਿੱਛੇ ਲੜਨ ਵਾਲੀ ਸਿਆਸੀ ਪਾਰਟੀ ਮਜ਼ਬੂਤ ਹੋਵੇ ਤੇ ਉਸ ਦੇ ਲੀਡਰ ਨਿਸ਼ਕਾਮ ਤੇ ਸਿਰਲੱਥ ਹੋਣ। ਜੇ 'ਸਿਆਸੀ ਯੁਗ' ਵਿਚ ਵੱਡੀਆਂ ਧਾਰਮਕ ਜਥੇਬੰਦੀਆਂ ਹੀ ਸਰਕਾਰ ਤੋਂ ਕੁੱਝ ਮਨਵਾ ਸਕਦੀਆਂ ਹੁੰਦੀਆਂ ਤਾਂ ਸ਼੍ਰੋਮਣੀ ਕਮੇਟੀ ਤਾਂ ਪਹਿਲਾਂ ਬਣ ਹੀ ਚੁੱਕੀ ਸੀ, ਫਿਰ ਸ਼੍ਰੋਮਣੀ ਅਕਾਲੀ ਦਲ ਬਣਾਉਣ ਦੀ ਕੀ ਲੋੜ ਸੀ? ਕਿਉਂਕਿ ਦੂਰ-ਅੰਦੇਸ਼ ਸਿੱਖ ਲੀਡਰ ਸਮਝਦੇ ਸਨ ਕਿ ਹੁਣ 'ਸਿਆਸੀ ਯੁਗ' ਸ਼ੁਰੂ ਹੋ ਚੁੱਕਾ ਹੈ ਤੇ ਇਸ ਯੁੱਗ ਵਿਚ ਸਰਕਾਰਾਂ ਕੇਵਲ ਸਿਆਸੀ ਪਾਰਟੀਆਂ ਦੀ ਤਾਕਤ ਤੇ ਉਨ੍ਹਾਂ ਦੇ ਲੀਡਰਾਂ ਦੀ ਸਾਬਤ-ਕਦਮੀ ਨੂੰ ਵੇਖ ਕੇ ਹੀ ਡਰਦੀਆਂ ਤੇ ਝੁਕਦੀਆਂ ਹਨ, ਧਾਰਮਕ ਜਥੇਬੰਦੀਆਂ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਹੁੰਦੀ। ਹਾਂ ਜਿਥੇ ਧਾਰਮਕ ਘੱਟ-ਗਿਣਤੀ ਦੀ ਸਿਆਸੀ ਪਾਰਟੀ ਦੀ ਗੱਲ ਆ ਜਾਏ, ਉਥੇ ਖ਼ਾਸ ਧਿਆਨ ਰਖਣਾ ਹੁੰਦਾ ਹੈ ਕਿ ਲੀਡਰ ਖ਼ਾਸ ਤੌਰ ਤੇ ਅਪਣੇ ਧਰਮ ਵਿਚ ਪੱਕੇ ਹੋਣ ਤੇ ਟੀਚਿਆਂ ਦੀ ਪ੍ਰਾਪਤੀ ਲਈ ਜਾਨਾਂ ਵੀ ਵਾਰਨ ਵਾਲੇ ਹੋਣ। ਲੀਡਰ ਚੰਗੇ ਹੋਣ ਤਾਂ ਸਿਰਲੱਥ ਵਰਕਰ ਆਪੇ, ਭੌਰੇ ਬਣ ਕੇ, ਕੁਰਬਾਨੀ ਦੀ ਸ਼ਮਾਂ ਦੁਆਲੇ ਮੰਡਰਾਉਣ ਲਗਦੇ ਹਨ। ਇਸੇ ਲਈ ਸਰਕਾਰਾਂ ਦੀ ਸਦਾ ਇਹ ਕੋਸ਼ਿਸ਼ ਰਹਿੰਦੀ ਹੈ ਕਿ ਘੱਟ-ਗਿਣਤੀਆਂ ਦੀਆਂ ਪਾਰਟੀਆਂ ਦੇ ਲੀਡਰਾਂ ਨੂੰ ਹਰ ਸੰਭਵ ਲਾਲਚ ਦੇ ਕੇ, ਅੰਦਰੋਂ 'ਗੁਪਤ ਸਮਝੌਤੇ' ਅਨੁਸਾਰ, ਅਪਣੀ ਅਧੀਨਗੀ ਵਿਚ ਰਖਿਆ ਜਾਏ। ਜੇ ਲੀਡਰ ਵਿਕ ਗਿਆ ਤਾਂ ਕੌਮ ਸਮਝੋ ਆਗੂ-ਰਹਿਤ ਆਪੇ ਹੋ ਗਈ। ਸਿੱਖ ਤਾਂ ਹਿੰਦੁਸਤਾਨ ਵਿਚ 2 ਫ਼ੀ ਸਦੀ ਤੋਂ ਵੀ ਘੱਟ ਹਨ ਪਰ ਮੁਸਲਮਾਨ ਤਾਂ 9 ਫ਼ੀ ਸਦੀ ਦੇ ਕਰੀਬ ਹਨ। 1947 ਤੋਂ ਫ਼ੌਰਨ ਬਾਅਦ ਮੁਸਲਮਾਨਾਂ ਤੇ ਸਿੱਖਾਂ, ਦੁਹਾਂ ਦੀ ਲੀਡਰਸ਼ਿਪ ਨੂੰ ਖੋਹਣ ਤੇ ਉਨ੍ਹਾਂ ਦੀਆਂ ਪਾਰਟੀਆਂ ਨੂੰ ਖੱਸੀ ਬਣਾਉਣ ਦੇ ਯਤਨ ਸ਼ੁਰੂ ਹੋ ਗਏ ਸਨ। ਨਹਿਰੂ ਅਤੇ ਪਟੇਲ ਹੈਰਾਨ ਹੁੰਦੇ ਸਨ ਕਿ ਮੁਸਲਮਾਨਾਂ ਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਵਿਚ ਤਾਂ ਸਰਕਾਰ ਸਫ਼ਲ ਹੋ ਗਈ ਸੀ ਪਰ ਇਕੱਲੇ ਮਾ: ਤਾਰਾ ਸਿੰਘ ਦੇ ਸਿਰੜ ਸਦਕਾ, ਅਕਾਲੀ ਦਲ ਨੂੰ ਕਮਜ਼ੋਰ ਕਰਨ ਵਿਚ ਕੋਈ ਕਾਮਯਾਬੀ ਨਹੀਂ ਸੀ ਮਿਲ ਰਹੀ। ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਦੀ ਡਿਊਟੀ ਲਗਾਈ ਗਈ ਕਿ ਮਾ: ਤਾਰਾ ਸਿੰਘ ਨੂੰ ਦੇਸ਼ ਦਾ ਉਪ-ਰਾਸ਼ਟਰਪਤੀ ਬਣ ਜਾਣ ਲਈ ਤਿਆਰ ਕਰਨ ਕਿਉਂਕਿ ਮਾ: ਤਾਰਾ ਸਿੰਘ ਜਦ ਤਕ ਅਕਾਲੀ ਦਲ ਦਾ ਮੁਖੀ ਹੈ, ਅਕਾਲੀ ਦਲ ਨੂੰ ਕਮਜ਼ੋਰ ਨਹੀਂ ਕੀਤਾ ਜਾ ਸਕੇਗਾ ਤੇ ਕੇਂਦਰ ਲਈ ਸਿਰਦਰਦੀ ਬਣਿਆ ਹੀ ਰਹੇਗਾ। ਦਿਲਚਸਪ ਕਹਾਣੀ ਹੈ ਕਿ ਮਾ: ਤਾਰਾ ਸਿੰਘ ਨੇ ਇਕ ਜਵਾਬੀ ਫ਼ਿਕਰੇ ਨਾਲ ਹੀ ਸਾਰੀ ਗੱਲ ਖ਼ਤਮ ਕਰ ਦਿਤੀ ਤੇ ਉਠ ਕੇ ਬਾਹਰ ਆ ਗਏ। ਪ੍ਰਧਾਨ ਮੰਤਰੀ ਨਹਿਰੂ ਹੱਕੇ ਬੱਕੇ ਹੋ ਕੇ ਰਹਿ ਗਏ। ਫਿਰ ਮਾ: ਤਾਰਾ ਸਿੰਘ ਨੂੰ ਹਰਾਉਣ ਲਈ ਕੈਰੋਂ ਦੀ ਡਿਊਟੀ ਇਹ ਵਾਅਦਾ ਦੇ ਕੇ ਲਗਾਈ ਗਈ ਕਿ ਜੇ ਉਹ ਮਾ: ਤਾਰਾ ਸਿੰਘ ਨੂੰ ਹਰਾ ਦੇਵੇਗਾ ਤਾਂ ਉਸ ਨੂੰ ਦੇਸ਼ ਦਾ ਡਿਫ਼ੈਂਸ ਮਨਿਸਟਰ ਬਣਾ ਦਿਤਾ ਜਾਵੇਗਾ ਜੋ ਉਸ ਦਾ ਇਕ ਹਸੀਨ ਸੁਪਨਾ ਸੀ।

ਕੈਰੋਂ ਅਖ਼ੀਰ ਸੰਤ ਫ਼ਤਿਹ ਸਿੰਘ ਨੂੰ ਅੱਗੇ ਕਰ ਕੇ, ਮਾ: ਤਾਰਾ ਸਿੰਘ ਨੂੰ ਹਰਾਉਣ ਵਿਚ ਕਾਮਯਾਬ ਹੋ ਹੀ ਗਿਆ। ਹੁਣ ਸੰਤ ਫ਼ਤਿਹ ਸਿੰਘ ਨੇ ਨਹਿਰੂ ਨੂੰ ਚਿੱਠੀ ਲਿਖੀ ਕਿ ਪੰਜਾਬੀ ਸੂਬੇ ਦੀ ਮੰਗ ਬਾਰੇ ਗੱਲਬਾਤ ਕਰਨ ਲਈ ਸਮਾਂ ਦਿਤਾ ਜਾਏ। ਕੇਂਦਰ ਨੇ ਜਵਾਬ ਹੀ ਕੋਈ ਨਾ ਦਿਤਾ। ਫਿਰ 'ਯਾਦ-ਪੱਤਰ' ਭੇਜਿਆ ਗਿਆ ਪਰ ਕੇਂਦਰ ਨੇ ਗੱਲ ਵੀ ਨਾ ਗੌਲੀ। ਮਾ: ਤਾਰਾ ਸਿੰਘ, ਅਪਣੀ ਹੋਈ ਹਾਰ ਮਗਰੋਂ, ਇਕਾਂਤਵਾਸ ਵਿਚ ਚਲੇ ਗਏ ਸੀ। ਕੇਂਦਰ ਮਾ: ਤਾਰਾ ਸਿੰਘ ਤੋਂ ਡਰਦਾ ਸੀ, ਹੋਰ ਕਿਸੇ ਸਿੱਖ ਲੀਡਰ ਦੀ ਉਹ ਪ੍ਰਵਾਹ ਹੀ ਨਹੀਂ ਸੀ ਕਰਦਾ। ਸਿੱਖ ਲੀਡਰਾਂ ਨੇ ਸਲਾਹ ਕੀਤੀ ਕਿ ਮਾ: ਤਾਰਾ ਸਿੰਘ ਨੂੰ ਖੋਜ ਕੇ ਲਿਆਂਦਾ ਜਾਏ ਤੇ ਕੌਮ ਜਿਸ ਹਾਲਤ ਵਿਚ ਫੱਸ ਗਈ ਹੈ, ਉਸ ਚੋਂ ਨਿਕਲਣ ਦਾ ਰਾਹ ਪੁਛਿਆ ਜਾਏ। ਮਾ: ਤਾਰਾ ਸਿੰਘ ਨੂੰ ਬੜੀ ਮੁਸ਼ਕਲ ਨਾਲ ਲੱਭ ਕੇ ਮਨਾਇਆ ਗਿਆ। ਉਨ੍ਹਾਂ ਸ਼ਰਤ ਰੱਖੀ ਕਿ ਉਹ ਪ੍ਰੈਸ ਕਾਨਫ਼ਰੰਸ ਕਰਨਗੇ ਪਰ ਇਸ ਦਾ ਆਯੋਜਕ ਸੰਸਾਰ-ਪ੍ਰਸਿੱਧ ਪੱਤਰਕਾਰ ਖ਼ੁਸ਼ਵੰਤ ਸਿੰਘ ਹੋਵੇ। ਗੁ: ਰਕਾਬ ਗੰਜ ਵਿਚ ਸ. ਖ਼ੁਸ਼ਵੰਤ ਸਿੰਘ ਨੇ ਮਾ: ਤਾਰਾ ਸਿੰਘ ਦੀ ਪ੍ਰੈੱਸ ਕਾਨਫ਼ਰੰਸ ਰੱਖੀ। ਮਾਸਟਰ ਜੀ ਨੇ ਐਲਾਨ ਕੀਤਾ, ''ਪੰਜਾਬੀ ਸੂਬਾ ਕਦੇ ਵੀ ਸਾਡੀ ਮੰਜ਼ਲ ਨਹੀਂ ਸੀ। ਸਾਡਾ ਟੀਚਾ, ਆਜ਼ਾਦੀ ਮਿਲਣ ਤੋਂ ਪਹਿਲਾਂ ਸਾਡੇ ਨਾਲ ਕੀਤੇ ਵਾਅਦੇ ਲਾਗੂ ਕਰਵਾਉਣਾ ਸੀ। ਜੇ ਕੇਂਦਰ ਸਰਕਾਰ ਸੰਤ ਫ਼ਤਿਹ ਸਿੰਘ ਨਾਲ ਗੱਲਬਾਤ ਨਹੀਂ ਕਰਦੀ ਤਾਂ ਮੈਂ ਛੇਤੀ ਹੀ ਅਪਣਾ ਪ੍ਰੋਗਰਾਮ ਲੈ ਕੇ ਫਿਰ ਤੋਂ ਸਰਗਰਮ ਹੋ ਜਾਵਾਂਗਾ।'' ਇਸ ਬਿਆਨ ਨੇ ਐਟਮ ਬੰਬ ਵਾਂਗ ਕੰਮ ਕੀਤਾ। ਅਗਲੇ ਹੀ ਦਿਨ ਕੇਂਦਰ ਨੇ ਸੰਤ ਫ਼ਤਿਹ ਸਿੰਘ ਨੂੰ ਗੱਲਬਾਤ ਦਾ ਸੱਦਾ ਭੇਜ ਦਿਤਾ। ਇਹ ਅਸਰ ਹੁੰਦਾ ਹੈ ਸਾਬਤ-ਕਦਮ ਲੀਡਰਾਂ ਦੀ ਇਕ ਭਬਕ ਦਾ। ਕੇਂਦਰ ਡਰ ਗਿਆ ਕਿ ਜੇ ਮਾ: ਤਾਰਾ ਸਿੰਘ ਫਿਰ ਤੋਂ ਨਵੇਂ ਪ੍ਰੋਗਰਾਮ ਨਾਲ ਅਕਾਲੀਆਂ ਦੇ ਲੀਡਰ ਬਣ ਗਏ ਤਾਂ ਕੇਂਦਰ ਲਈ ਰੋਜ਼ ਨਵੀਂ ਮੁਸੀਬਤ ਖੜੀ ਕਰੀ ਰੱਖਣਗੇ। ਸੰਤ ਫ਼ਤਿਹ ਸਿੰਘ ਨੂੰ ਕਾਇਮ ਰਖਣਾ ਹੀ ਉਨ੍ਹਾਂ ਨੂੰ ਤੇ ਕੈਰੋਂ ਨੂੰ ਅਪਣੇ ਭਲੇ ਦੀ ਗੱਲ ਲੱਗੀ। ਪੰਜਾਬੀ ਸੂਬਾ ਬਣਨ ਮਗਰੋਂ, ਅਕਾਲੀ ਲੀਡਰਾਂ ਨੂੰ ਅਮੀਰ ਬਣਨ ਦੀ ਖੁਲ੍ਹ, ਜਾਣਬੁਝ ਕੇ ਦਿਤੀ ਗਈ ਤਾਕਿ ਕੇਂਦਰ ਦੇ ਸ਼ਿਕੰਜੇ 'ਚੋਂ ਉਹ ਕਦੇ ਬਾਹਰ ਨਿਕਲ ਹੀ ਨਾ ਸਕਣ ਤੇ ਕੌਮ ਦੀ ਗੱਲ ਕਰ ਹੀ ਨਾ ਸਕਣ। ਇਹ ਸਿਲਸਿਲਾ ਅੱਜ ਤਕ ਵੀ ਜਾਰੀ ਹੈ। ਇਸ ਲਈ ਜਿਵੇਂ ਮਾ: ਤਾਰਾ ਸਿੰਘ ਨੂੰ ਹਰਾ ਕੇ, ਅਗਲੇ ਪ੍ਰਧਾਨ ਨਾਲ ਗੱਲਬਾਤ ਕਰਨ ਨੂੰ ਵੀ ਸਰਕਾਰ ਤਿਆਰ ਨਹੀਂ ਸੀ, ਉਦੋਂ ਤੋਂ ਅੱਜ ਤਕ, ਕੌਮ ਜਾਂ ਪੰਜਾਬ ਦੀ ਗੱਲ ਕਰਨ ਵਾਲੇ ਕਿਸੇ ਲੀਡਰ, ਸੰਸਥਾ, ਅਖ਼ਬਾਰ ਨੂੰ ਕੋਈ ਮਹੱਤਾ ਹੀ ਨਹੀਂ ਦੇਂਦੀ ਤੇ ਸਿੱਖਾਂ ਦੀ ਕਿਸੇ ਮੰਗ ਵਲ ਅੱਖ ਚੁਕ ਕੇ ਵੀ ਨਹੀਂ ਵੇਖਦੀ। ਇਹ ਸਿਲਸਿਲਾ ਉਦੋਂ ਤਕ ਚਲਦਾ ਰਹੇਗਾ ਜਦ ਤਕ ਸਿੱਖਾਂ ਦੀ ਕੋਈ ਮਜ਼ਬੂਤ ਪਾਰਟੀ ਨਹੀਂ ਖੜੀ ਹੋ ਜਾਂਦੀ ਤੇ ਮਜ਼ਬੂਤ ਲੀਡਰ ਅੱਗੇ ਨਹੀਂ ਆ ਜਾਂਦੇ। ਧਾਰਮਕ ਜਾਂ ਦੂਜੀਆਂ ਜਥੇਬੰਦੀਆਂ ਦੀ ਕੇਂਦਰ ਨੇ ਕਦੇ ਪ੍ਰਵਾਹ ਨਹੀਂ ਕੀਤੀ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more



We Have Effective New Medicines Based On Latest Research For The Cure Of:

• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਊਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com




ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ


11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

27 ਜੂਨ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸੰਤ ਗਿ. ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ ਯਾਦ ਵਿਚ:ਸੇਵਾ ਹਰਵਿੰਦਰ ਸਿੰਘ ਤੇ ਸਮੂਹ ਸੰਗਤ ਵੱਲੋਂ
*28 ਜੂਨ ਦਿਨ ਸ਼ਨਿੱਚਰਵਾਰ ਆਰੰਭ ਸਹਿਜਪਾਠ ਮਨਜੋਤ ਸਿੰਘ ਪਰਿਵਾਰ ਵੱਲੋਂ
*28 ਜੂਨ ਦਿਨ ਸ਼ਨਿੱਚਰਵਾਰ ਹਾਲ ਨੰ:2 ਵਿਚ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਗੁਰਪ੍ਰੀਤ ਸਿੰਘ ਬਰਾੜ ਪਰਿਵਾਰ ਵੱਲੋਂ
*29 ਜੂਨ ਦਿਨ ਐਤਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਸਾਹਿਬ ਸੰਤ ਗਿ. ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦੀ ਯਾਦ ਵਿਚ, ਉਪਰੰਤ ਦੀਵਾਨ ਸਜਣਗੇ।
*ਹਾਲ ਨੰ:2 ਵਿਚ ਭੋਗ ਸ੍ਰੀ ਸਹਿਜਪਾਠ ਸ. ਸੁਖਦੇਵ ਸਿੰਘ ਢੀਂਡਸਾ ਦੀ ਯਾਦ ਵਿਚ
*29 ਜੂਨ ਦਿਨ ਐਤਵਾਰ ਦੁਪਹਿਰ ਨੂੰ ਪਾਠ ਸ੍ਰੀ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਦੀ ਸੇਵਾ ਸਤਵੀਰ ਸਿੰਘ ਪਰਿਵਾਰ ਵੱਲੋਂ
*30 ਜੂਨ ਦਿਨ ਸੋਮਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਜਗਰੂਪ ਸਿੰਘ ਬਾਜਵਾ ਪਰਿਵਾਰ ਵੱਲੋਂ
*2 ਜੁਲਾਈ ਦਿਨ ਬੁੱਧਵਾਰ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ।
*3 ਜੁਲਾਈ ਦਿਨ ਵੀਰਵਾਰ ਅਨੰਦ ਕਾਰਜ ਅਰਸ਼ ਭਾਟੀਆ
*4 ਜੁਲਾਈ ਦਿਨ ਸ਼ੁੱਕਰਵਾਰ ਆਰੰਭ 5 ਸ੍ਰੀ ਅਖੰਡ ਪਾਠ ਸਾਹਿਬ ਸੰਤ ਤੇਜਾ ਸਿੰਘ ਜੀ ਦੀ ਸਲਾਨਾ ਬਰਾਸੀ ਦੇ ਸਬੰਧ ਵਿਚ
*6 ਜੁਲਾਈ ਦਿਨ ਐਤਵਾਰ 5 ਅਖੰਡਪਾਠ ਸਾਹਿਬ ਦੇ ਭੋਗ ਪੈਣਗੇ, ਉਪਰੰਤ ਸਾਰਾ ਦਿਨ ਦੀਵਾਨ ਸਜਣਗੇ।

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ
ਗੁਰਬਾਣੀ ਸਿਮਰਨ
ਹਰ ਐਤਵਾਰ
ਦੁਪਹਿਰ 1 ਤੋਂ 4 ਵਜੇ ਤੱਕ
ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ
ਲਾਹੇ ਪ੍ਰਾਪਤ ਕਰੋ ਜੀ





ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

ਰਾਗੀ ਜੱਥਾ
ਭਾਈ ਗੁਰਧਿਆਨ ਸਿੰਘ
ਸੰਗਰੂਰ ਵਾਲੇ

ਕਥਾਵਾਚਕ
ਗਿਆਨੀ ਮਨਜੀਤ ਸਿੰਘ
ਮਸਤਾਨਾ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

# ਕਸ਼ਮੀਰ 'ਚ ਜੇਕਰ ਅਮਨ-ਅਮਾਨ ਹੈ ਤਾਂ ਫਿਰ ਅਮਰਨਾਥ ਯਾਤਰਾ ਦੀ ਹਿਫ਼ਾਜਤ ਲਈ ਫ਼ੌਜ ਕਿਉਂ ਲਗਾਈ ਜਾ ਰਹੀ ਹੈ?-ਮਾਨ



ਪਟਿਆਲਾ- ਇੰਡੀਆਂ ਦੀ ਮੁਤੱਸਵੀ ਮੋਦੀ ਹਕੂਮਤ ਇਹ ਪ੍ਰਚਾਰ ਕਰ ਰਹੀ ਹੈ, ਕਿ ਕਸ਼ਮੀਰ 'ਚ ਅਮਨ-ਅਮਾਨ ਅਤੇ ਸ਼ਾਂਤੀ ਹੈ ਅਤੇ ਕਸ਼ਮੀਰ ਅੱਗੇ ਵੱਧ ਰਿਹਾ ਹੈ, ਤਾਂ ਫਿਰ ਅਮਰਨਾਥ ਯਾਤਰਾ ਲਈ ਵੱਡੀ ਗਿਣਤੀ 'ਚ ਫ਼ੌਜ ਕਿਉਂ ਲਗਾਈ ਜਾ ਰਹੀ ਹੈ। ਇਸ ਨਾਲ ਤਾਂ ਯਾਤਰੂਆਂ ਤੇ ਆਮ ਲੋਕਾਂ ਵਿਚ ਦਹਿਸਤ ਹੀ ਫੈਲੇਗੀ ਅਤੇ ਕੋਈ ਵੀ ਯਾਤਰੂ ਬਿਨ੍ਹਾਂ ਡਰ-ਭੈ ਤੋ ਇਹ ਯਾਤਰਾ ਕਿਵੇ ਕਰ ਸਕੇਗਾ? ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਹੁਕਮਰਾਨਾਂ ਨੂੰ ਇਹ ਨੇਕ ਰਾਏ ਹੈ ਕਿ ਹਾਲਾਤਾਂ ਨੂੰ ਸਹੀ ਰੱਖਣ ਹਿੱਤ ਕਸਮੀਰ ਵਿਚ ਤੁਰੰਤ ਰੱਦ ਕੀਤੀ ਗਈ ਧਾਰਾ 370 ਅਤੇ 35-ਏ ਨੂੰ ਬਹਾਲ ਕੀਤਾ ਜਾਵੇ ਅਤੇ ਅਫਸਪਾ ਕਾਲਾ ਕਾਨੂੰਨ ਤੁਰੰਤ ਖਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਵੀ ਸ੍ਰੀ ਮੋਦੀ ਦੀ ਸਥਿਤੀ ਦਿਨ-ਬ-ਦਿਨ ਪਤਲੀ ਹੁੰਦੀ ਜਾ ਰਹੀ ਹੈ। ਬੇਸ਼ੱਕ ਸ੍ਰੀ ਮੋਦੀ ਨੂੰ ਫਰਜੀ ਤੌਰ 'ਤੇ ਬੁਲਾ ਲਿਆ ਹੈ, ਪਰ ਸ੍ਰੀ ਮੋਦੀ ਦਾ ਪ੍ਰੋਟੋਕੋਲ ਅਨੁਸਾਰ ਕੋਈ ਸਵਾਗਤ ਨਹੀਂ ਹੋਇਆ।ਸਿੱਖਾਂ ਨੇ ਸ੍ਰੀ ਮੋਦੀ ਵਿਰੁੱਧ ਤਕੜੇ ਮੁਜਾਹਰੇ ਕਰਕੇ ਮੋਦੀ ਦੇ ਖੂੰਖਾਰ ਚੇਹਰੇ ਨੂੰ ਨੰਗਾ ਕਰ ਦਿੱਤਾ ਹੈ। ਉਨ੍ਹਾਂ ਇੰਡੀਆ ਦੇ ਗ੍ਰਹਿ ਵਜੀਰ ਸ੍ਰੀ ਅਮਿਤ ਸ਼ਾਹ ਦੇ ਇਸ ਬਿਆਨ ਕਿ ਗਰੀਬਾਂ ਨੂੰ ਅੰਗਰੇਜੀ ਨਹੀ ਪੜ੍ਹਾਈ ਜਾਵੇਗੀ, ਦੀ ਸਖ਼ਤ ਸਖ਼ਤ ਸ਼ਬਦਾਂ 'ਚ ਨਿੰਦਾ ਕਰਦੇ ਹੋਏ ਕਿਹਾ ਕਿ ਤਾਂ ਫਿਰ ਆਮ ਲੋਕਾਂ ਤੇ ਗਰੀਬਾਂ ਦੇ ਬੱਚੇ ਆਈ.ਏ.ਐਸ. ਅਤੇ ਆਈ.ਪੀ.ਐਸ. ਵਰਗੇ ਵੱਡੇ ਰੁਤਬੇ ਵਾਲੀਆਂ ਪਦਵੀਆਂ ਕਿਵੇਂ ਹਾਸਿਲ ਕਰਨਗੇ ? ਇਸ ਲਈ ਬਿਹਤਰ ਹੋਵੇਗਾ, ਕਿ ਹੁਕਮਰਾਨ ਆਪਣੀ ਇਸ ਘਟੀਆਂ ਸੋਚ ਦਾ ਤਿਆਗ ਕਰਨ, ਉਥੇ ਘੱਟ ਗਿਣਤੀ ਕੌਮਾਂ, ਕਬੀਲਿਆ, ਆਦਿਵਾਸੀਆ ਅਤੇ ਮਜਲੂਮਾਂ 'ਤੇ ਜ਼ਬਰ ਜੁਲਮ ਨੂੰ ਤੁਰੰਤ ਬੰਦ ਕਰਨ ਅਤੇ ਕੌਮਾਂਤਰੀ ਪੱਧਰ 'ਤੇ ਇੰਡੀਆਂ ਦੀ ਖਰਾਬ ਹੋ ਰਹੀ ਅੰਦਰੂਨੀ ਸਥਿਤੀ ਨੂੰ 'ਚ ਸੁਧਾਰ ਕਰਨ ਲਈ ਅਮਲੀ ਰੂਪ 'ਚ ਕਾਰਵਾਈ ਕਰਨ।

## ਪੰਜਾਬ ਵਾਂਗ ਭਖਿਆ ਕੈਨੇਡਾ ਦਾ ਸੂਬਾ ਓਨਟਾਰੀਓ

ਟੋਰਾਂਟੋ-ਠੰਢੇ ਮੁਲਕ ਦੇ ਵਜੋਂ ਜਾਣੇ ਜਾਂਦੇ ਦੇਸ਼ ਕੈਨੇਡਾ ਦੇ ਸੂਬੇ ਓਨਟਾਰੀਓ ਦੇ ਸ਼ਹਿਰਾਂ ਵਿੱਚ ਗਰਮੀ ਦਾ ਮੌਸਮ ਕਹਿਰ ਵਰਤਾ ਰਿਹਾ ਹੈ। ਟੋਰਾਂਟੋ, ਬਰੈਂਪਟਨ, ਮਿਸੀਸਾਗਾ ਤੇ ਨੇੜਲੇ ਇਲਾਕਿਆਂ ਵਿੱਚ ਦੁਪਹਿਰ ਦਾ ਤਾਪਮਾਨ ਹੁੰਮਸ ਦੇ ਨਾਲ 47 ਡਿਗਰੀ (+47) ਤੱਕ ਮਹਿਸੂਸ ਹੋ ਰਿਹਾ ਹੈ।

ਲੋਕਾਂ ਦਾ ਗਰਮੀ ਨਾਲ ਬੁਰਾ ਹਾਲ ਹੈ। ਸੜਕਾਂ 'ਤੇ ਆਵਾਜਾਈ ਬਹੁਤ ਘੱਟ ਹੈ। ਲੋਕ ਗਰਮੀ ਕਾਰਨ ਆਪਣੇ ਘਰਾਂ ਵਿੱਚ ਹੀ ਰਹਿਣ ਲਈ ਮਜ਼ਬੂਰ ਹਨ। ਮੌਸਮ ਵਿਭਾਗ ਨੇ ਵੀ ਕੱਲ ਦੀ ਐਡਵਾਜਰੀ ਜਾਰੀ ਕੀਤੀ ਹੈ। ਲੋਕਾਂ ਨੂੰ ਗਰਮੀ ਤੋਂ ਬਚਣ ਲਈ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਬਾਹਰ ਗਰਮ ਲੂ ਚੱਲ ਰਹੀ ਹੈ ਅਤੇ ਲੋਕਾਂ ਨੂੰ ਗਰਮੀ ਵਿੱਚ ਬਾਹਰ ਨਾ ਨਿਕਲਣ ਦੀ ਸਲਾਹ ਦਿੱਤੀ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC






ਭੁਪਿੰਦਰ ਸਿੰਘ ਗਿੱਲ:604-897-5750



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads

Need Company Drivers

*Single Driver Pay 52cents/mile*
*Team Drivers 32 cents/mile*



FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਕੈਨੇਡਾ ਦੀ ਯੂਨੀਵਰਸਿਟੀ ਵੱਲੋਂ ਦਿਲਜੀਤ ਦੁਸਾਂਝ ਦੇ ਨਾਂ ਤੇ ਕੋਰਸ ਸ਼ੁਰੂ ਕਰਨ ਦਾ ਫੈਸਲਾ



ਵੈਨਕੂਵਰ (ਮਲਕੀਤ ਸਿੰਘ)- ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਟੀ ਚ 2026 ਦੇ ਸਮੈਸਟਰ ਦੌਰਾਨ ਉੱਘੇ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੀਆਂ ਸੰਗੀਤਕ ਸੇਵਾਵਾਂ ਤੇ ਅਧਾਰਿਤ ਇੱਕ ਅਕਾਦਮਕ ਕੋਰਸ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜੋ ਕਿ ਪੰਜਾਬੀ ਭਾਈਚਾਰੇ ਸਮੇਤ ਦਿਲਜੀਤ ਦੁਸਾਂਝ ਦੇ ਪ੍ਰਸੰਸਕਾਂ ਲਈ ਇੱਕ ਮਾਣ ਵਾਲੀ ਗੱਲ ਮੰਨੀ ਜਾ ਰਹੀ ਹੈ। ਕੋਰਸ ਦੌਰਾਨ ਦਿਲਜੀਤ ਦੁਸਾਂਝ ਦੇ ਫਿਲਮੀ ਕਿਰਦਾਰ ,ਸੰਗੀਤਕ ਸੇਵਾਵਾਂ ਤੇ ਵਿਸਥਾਰ ਸਹਿਤ ਪੜ੍ਹਾਈ ਕਰਵਾਈ ਜਾਵੇਗੀ ਅਤੇ ਵਿਦਿਆਰਥੀਆਂ ਨੂੰ ਸਮਝਾਇਆ ਜਾਵੇਗਾ ਕਿ ਦਿਲਜੀਤ ਦੁਸਾਂਝ ਨੇ ਕਿਸ ਤਰ੍ਹਾਂ ਪੰਜਾਬੀ ਸੰਗੀਤ ਨੂੰ ਗਲੋਬਲ ਪੱਧਰ ਤੇ ਪਹੁੰਚਾਉਣ ਚ ਅਹਿਮ ਯੋਗਦਾਨ ਪਾਇਆ ਸ਼ਾਇਦ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਵਿਦੇਸ਼ੀ ਯੂਨੀਵਰਸਟੀ ਵੱਲੋਂ ਕਿਸੇ ਪੰਜਾਬੀ ਗਾਇਕ ਦੀਆਂ ਸੰਗੀਤਕ ਖੇਤਰ ਚ ਨਿਭਾਈਆਂ ਸੇਵਾਵਾਂ ਸਬੰਧੀ ਕੋਰਸ ਆਰੰਭ ਕੀਤਾ ਗਿਆ ਹੋਵੇ।


T&S Transportation
Hiring Owner Operators & Drivers





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ





*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:

778-552-0305

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ 10 ਪ੍ਰਮੁੱਖ ਕਾਰਨ

**–ਗਿਆਨੀ ਅੰਮ੍ਰਿਤਪਾਲ ਸਿੰਘ, ਲੁਧਿਆਣਾ।**

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਲੱਗੀ ਛਬੀਲ ਦੇਖ ਕੇ ਇਕ ਆਦਮੀ ਨੇ ਦੂਜੇ ਆਦਮੀ ਨੂੰ ਪੁੱਛਿਆ ਕਿ ਇਹ ਸਿੱਖ ਲੋਗ ਇੰਨੀ ਖੁਸ਼ੀ ਨਾਲ ਦੁਨੀਆਂ ਨੂੰ ਸ਼ਰਬਤ ਕਿਉਂ ਪਿਲਾ ਰਹੇ ਨੇ?

ਦੂਸਰੇ ਆਦਮੀ ਨੇ ਅਣਜਾਣਤਾ ਵਿਚ ਜਵਾਬ ਦਿੱਤਾ ਕਿ ਅੱਜ ਸਿੱਖ ਬੜੇ ਖੁਸ਼ ਨਜ਼ਰ ਆ ਰਹੇ ਨੇ। ਲੱਗਦੈ ਕਿ ਇਹਨਾਂ ਦੇ ਗੁਰੂ ਦਾ ਅੱਜ ਜਨਮ ਦਿਨ ਹੈ, ਤਾਂ ਹੀ ਇੰਨੀ ਖੁਸ਼ੀ ਵਿਚ ਸ਼ਰਬਤ ਪਿਲਾ ਰਹੇ ਨੇ।ਕੋਲ ਖਲੋਤੇ ਇਕ ਪਿਆਰ ਵਾਲੇ ਗੁਰਸਿੱਖ ਦੇ ਕੰਨੀਂ ਜਦੋਂ ਇਹ ਗੱਲ ਪਈ ਤਾ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਡੂੰਘੀ ਸੋਚ ਵਿਚ ਗੁਆਚ ਗਿਆ ਕਿ ਅਸੀਂ ਗੁਰਪੁਰਬ 'ਤੇ ਮਾਇਆ ਤਾਂ ਬਹੁਤ ਖਰਚ ਦਿੱਤੀ ਪਰ ਆਪਣੇ ਸੁਨਹਿਰੀ ਇਤਿਹਾਸ ਦਾ ਸੁਨੇਹਾ ਸੰਸਾਰ ਨੂੰ ਪੁਚਾ ਨਾ ਸਕੇ।

ਓ ਸਿੱਖੋ ! ਅਸੀਂ ਕਿੰਨੇ ਅਕ੍ਰਿਤਘਣ ਹੋ ਗਏ ਹਾਂ। ਅਸੀਂ ਦੁਨੀਆਂ ਨੂੰ ਦੱਸ ਹੀ ਨਾ ਸਕੇ ਕਿ ਜਿਸ ਸਤਿਗੁਰੂ ਨੇ ਸੜਦੀ-ਬਲਦੀ ਦੁਨੀਆਂ ਦੀ ਝੋਲੀ ਗੁਰਬਾਣੀ ਦੀ ਠੰਢ ਪਾਈ, ਉਸ ਸਤਿਗੁਰੂ ਜੀ ਨੂੰ ਅੱਜ ਦੇ ਦਿਨ ਜ਼ਾਲਮਾਂ ਨੇ ਉਬਲਦੀ ਦੇਗ ਵਿਚ ਉਬਾਲਿਆ। ਸੰਸਾਰ ਵਿਚ ਠੰਢ ਵਰਤਾਉਣ ਵਾਲੇ ਦੀ ਝੋਲੀ ਵਿਚ ਅੱਗ ਪਾਈ। ਤੱਤੀ ਤਵੀ 'ਤੇ ਬਿਠਾ ਕੇ ਸੀਸ ਵਿਚ ਗਰਮ ਰੇਤਾ ਪਾਇਆ। ਅਸੀਂ ਅੱਜ ਦੇ ਦਿਨ ਸ਼ਰਬਤਾਂ ਦੀਆਂ ਛਬੀਲਾਂ ਤਾਂ ਲਗਾਈਆਂ ਪਰ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਦੁਨੀਆਂ ਨੂੰ ਕੁਝ ਦੱਸ ਹੀ ਨਹੀਂ ਸਕੇ। ਦੁਨੀਆਂ ਨੂੰ ਤਾਂ ਕੀ ਅਸੀਂ ਆਪਣੇ ਬੱਚਿਆਂ ਨੂੰ ਵੀ ਨਹੀਂ ਦੱਸ ਸਕੇ ਕਿ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਕਿਉਂ ਤੇ ਕਿਵੇਂ ਹੋਈ?

ਚਾਹੀਦਾ ਤਾਂ ਸੀ ਕਿ ਅੱਜ ਦੇ ਦਿਨ ਤਾਂ ਠੰਢੇ ਜਲ ਦੀ ਛਬੀਲ ਦੇ ਨਾਲ-ਨਾਲ ਪੰਚਮ ਗੁਰਦੇਵ ਜੀ ਦੇ ਜੀਵਨ ਇਤਿਹਾਸ ਨੂੰ ਵੀ ਵਰਤਾਉਂਦੇ। ਸਤਿਗੁਰੂ ਜੀ ਦੀ ਬਾਣੀ ਦਾ ਲੰਗਰ ਵੀ ਲਗਾਉਂਦੇ ਤਾਂ ਕਿ ਸਤਿਗੁਰੂ ਜੀ ਦੀ ਸ਼ਹਾਦਤ ਵਿਚ ਛੁਪਿਆ ਮਨੁੱਖਤਾ ਦੇ ਭਲੇ ਦਾ ਸੰਦੇਸ਼ ਦੁਨੀਆਂ ਨੂੰ ਮਿਲ ਸਕਦਾ। ਆਉ ਪੰਚਮ ਗੁਰਦੇਵ ਜੀ ਦੀ ਸ਼ਹਾਦਤ ਦੇ ਕੁਝ ਕੁ ਕਾਰਨਾਂ 'ਤੇ ਸੰਖੇਪ ਜਿਹੀ ਝਾਤ ਮਾਰੀਏ:

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਤਿੰਨ ਅਸੂਲ ਬਖਸ਼ੇ: ਕਿਰਤ ਕਰੋ, ਵੰਡ ਛਕੋ, ਨਾਮ ਜਪੋ। ਸਿੱਖੀ ਦੇ ਇਹ ਅਸੂਲ ਇੰਨੇ ਸਰਲ ਤੇ ਅਰਥ ਭਰਪੂਰ ਸਨ ਕਿ ਹਰ ਕੋਈ ਸਿੱਖੀ ਵੱਲ ਖਿੱਚਿਆ ਆਉਂਦਾ ਸੀ। ਇਹ ਗੱਲ ਅਨਮੱਤਾਂ ਦੇ ਪ੍ਰਚਾਰਕ ਤੇ ਆਗੂ ਜਰ ਨਾ ਸਕੇ ਕਿਉਂਕਿ ਉਹਨਾਂ ਦੀਆਂ ਝੂਠ ਦੀਆਂ ਦੁਕਾਨਾਂ ਬੰਦ ਹੋ ਰਹੀਆਂ ਸਨ। ਉਹਨਾਂ ਨੇ ਸਤਿਗੁਰੂ ਜੀ ਦੇ ਸਿਧਾਂਤਾਂ ਨੂੰ ਬੰਦ ਕਰਨ ਲਈ ਬੜੇ ਜਤਨ ਕੀਤੇ। ਸਤਿਗੁਰੂ ਜੀ ਨੂੰ ਸ਼ਹੀਦ ਕਰਵਾਉਣ ਵਿਚ ਵੀ ਕੋਈ ਕਸਰ ਨਹੀਂ ਛੱਡੀ। ਵਿਦਵਾਨਾਂ ਵੱਲੋਂ ਗੁਰਦੇਵ ਜੀ ਦੀ ਸ਼ਹਾਦਤ ਦੇ ੧੦ ਪ੍ਰਮੁੱਖ ਕਾਰਨ ਇਹ ਮੰਨੇ ਗਏ ਹਨ:

੧. ਬਿਪਰਵਾਦ: ਬ੍ਰਾਹਮਣੀ ਮੱਤ ਵਿਚ ਸੂਤਕ ਪਾਤਕ, ਵਰਤ, ਯੱਗ, ਹੋਮ, ਜੰਤਰ ਮੰਤਰ, ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਦਸਮੀ, ਇਕਾਦਸ਼ੀ, ਮਹੂਰਤ, ਸ਼ਗਨ ਅਪਸ਼ਗਨ, ਦਾਨ, ਪੁੰਨ, ਤੀਰਥ ਇਸ਼ਨਾਨ, ਸਰੀਰਾਂ ਨੂੰ ਕਸ਼ਟ ਦੇਣ ਵਾਲੇ ਤਪ, ਲੋਕਾਂ ਤੋਂ ਉਹਨਾਂ ਦੀ ਧਨ-ਦੌਲਤ, ਜ਼ਮੀਨ, ਜਾਇਦਾਦ ਦਾਨ ਵਿਚ ਲੈਣੀ, ਉਹਨਾਂ ਦੀਆਂ ਪਤਨੀਆਂ ਤੇ ਛੋਟੀਆਂ ਬੱਚੀਆਂ ਨੂੰ ਮੰਦਰਾਂ ਵਿਚ ਜ਼ਬਰੀ ਚੜ੍ਹਵਾ ਕੇ ਉਹਨਾਂ ਨਾਲ ਕੁਕਰਮ ਕਰਨੇ ਤੇ ਹੋਰ ਕਈ ਤਰ੍ਹਾਂ ਦੇ ਕਰਮਕਾਂਡਾਂ ਤੇ ਪਖੰਡਾਂ ਕਾਰਨ ਮਨੁੱਖਤਾ ਦਾ ਸ਼ੋਸ਼ਣ ਇੰਨਾ ਵੱਧ ਗਿਆ ਸੀ ਕਿ ਲੋਕ ਤਰਾਹ-ਤਰਾਹ ਕਰ ਉੱਠੇ ਸਨ।

ਮਨੁੱਖ ਪਾਸੋਂ ਪਸ਼ੂਆਂ, ਪੰਛੀਆਂ, ਦਰਖ਼ਤਾਂ, ਪਹਾੜਾਂ, ਪੱਥਰਾਂ, ਮੁਰਦਿਆਂ ਦੀ ਪੂਜਾ ਕਰਵਾਈ ਗਈ, ਪਸ਼ੂਆਂ ਦਾ ਗੋਬਰ ਖੁਵਾਇਆ ਤੇ ਮੂਤਰ ਪਿਲਾਇਆ ਗਿਆ ਪਰ ਮਨੁੱਖ ਨੂੰ ਊਚ ਨੀਚ ਦਾ ਭੇਦ ਪਾ ਕੇ ਦੁਰਕਾਰਿਆ ਗਿਆ। ਅਖੌਤੀ ਨੀਚ ਜਾਤ ਦੇ ਲੋਕਾਂ ਤੇ ਅੰਤਾਂ ਦੇ ਜ਼ੁਲਮ ਕੀਤੇ ਗਏ। ਉਹਨਾਂ ਦੀਆਂ ਜ਼ੁਬਾਨਾਂ ਵਿਚ ਕਿੱਲੇ ਠੋਕੇ ਗਏ, ਕੰਨਾਂ ਵਿਚ ਸਿੱਕੇ ਢਾਲ ਕੇ ਪਾਏ ਗਏ, ਹੱਥ-ਪੈਰ ਕੱਟ ਕੇ ਤੜਫਾਇਆ ਜਾਂਦਾ ਰਿਹਾ। ਗੁਰੂ ਨਾਨਕ ਸਾਹਿਬ ਜੀ ਨੇ ਐਸੇ ਜ਼ੁਲਮ ਕਰਨ ਵਾਲੇ ਬ੍ਰਾਹਮਣ ਨੂੰ ਜਗਤ ਕਸਾਈ ਕਹਿ ਕੇ ਸੰਬੋਧਨ ਕੀਤਾ।


ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਸਾਈ॥ ਸ੍ਰੀ ਗੁਰੂ ਨਾਨਕ ਸਾਹਿਬ ਜੀ (੪੭੧)

ਗੁਰੂ ਸਾਹਿਬਾਨਾਂ ਨੇ ਇਹਨਾਂ ਲਿਤਾੜੇ ਹੋਏ ਲੋਕਾਂ ਨੂੰ ਆਪਣੇ ਗਲ ਨਾਲ ਲਾਇਆ ਤੇ ਉਹਨਾਂ ਨੂੰ ਰਾਮ ਦੀ ਅੰਸ ਕਹਿ ਕੇ ਸਤਿਕਾਰ ਦਿੱਤਾ। ਉਹਨਾਂ ਨੂੰ ਬਰਾਬਰ ਸੰਗਤ ਤੇ ਪੰਗਤ ਵਿਚ ਬਿਠਾਇਆ। ਸਰੋਵਰ ਤੇ ਬਾਉਲੀਆਂ ਬਣਵਾਈਆਂ ਤਾਂਕਿ ਇੱਕੋ ਥਾਂ ਤੋਂ ਪਾਣੀ ਵਰਤ ਕੇ ਊਚ ਨੀਚ ਤੇ ਸੁੱਚ ਭਿੱਟ ਦਾ ਭੇਦਭਾਵ ਮੁੱਕ ਜਾਏ। ਅਖੌਤੀ ਨੀਚ ਜਾਤ ਦੇ ਮੰਨੇ ਜਾਣ ਵਾਲੇ ਭਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਕਰਕੇ ਅਤੇ ਭਗਤ ਕਹਿ ਕੇ ਸਨਮਾਨ ਦਿੱਤਾ। ਬ੍ਰਹਾਮਣਾਂ ਦੇ ਕਰਮਕਾਂਡਾਂ ਤੇ ਪਖੰਡਾਂ ਦੇ ਬਖੀਏ ਉਧੜ ਰਹੇ ਸਨ ਤੇ ਬ੍ਰਾਹਮਣ ਹੱਥੋਂ ਲੋਕਾਂ ਦੀ ਲੁੱਟ-ਖਸੁੱਟ ਬੰਦ ਹੋਣ ਲੱਗੀ।

ਆਪਣੀ ਰੋਜ਼ੀ-ਰੋਟੀ ਬੰਦ ਹੁੰਦੀ ਦੇਖ ਕੇ ਹੁਣ ਬ੍ਰਾਹਮਣ ਘਬਰਾ ਗਏ। ਜਿਹਨਾਂ ਨੂੰ ਕਸਾਈ ਕਿਹਾ ਗਿਆ ਹੋਵੇ ਤੇ ਜਿਹਨਾਂ ਦੀ ਪਖੰਡ ਦੀ ਦੁਕਾਨਦਾਰੀ ਬੰਦ ਹੁੰਦੀ ਹੋਵੇ, ਉਹ ਕਿਉਂ ਨਹੀਂ ਹੱਥ-ਪੈਰ ਮਾਰੇਗਾ? ਉਹਨਾਂ ਬ੍ਰਾਹਮਣਾਂ ਨੇ ਅਕਬਰ ਦੇ ਸਮੇਂ ਤੋਂ ਹੀ ਬਾਦਸ਼ਾਹ ਕੋਲ ਗੁਰੂ ਸਾਹਿਬਾਨਾਂ ਵਿਰੁੱਧ ਚੁਗਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਜਹਾਂਗੀਰ ਬਾਦਸ਼ਾਹ ਦੇ ਸਮੇਂ ਤੱਕ ਇਹ ਸਿਲਸਿਲਾ ਚਲਦਾ ਰਿਹਾ। ਬਿਪਰ ਵੱਲੋਂ ਬਾਦਸ਼ਾਹ ਨੂੰ ਕੀਤੀਆਂ ਸ਼ਿਕਾਇਤਾਂ ਸਤਿਗੁਰੂ ਜੀ ਦੀ ਸ਼ਹਾਦਤ ਦਾ ਇੱਕ ਕਾਰਨ ਸੀ।

੨. ਬੀਰਬਲ: ਬ੍ਰਾਹਮਣਾਂ ਦਾ ਇੱਕ ਹਥਿਆਰ ਕੱਟੜ ਬ੍ਰਾਹਮਣ ਮਹੇਸ਼ ਦਾਸ ਵੀ ਸੀ, ਜਿਹੜਾ ਬਾਅਦ ਵਿਚ ਬੀਰਬਲ ਦੇ ਨਾਮ ਨਾਲ ਪ੍ਰਸਿੱਧ ਹੋਇਆ। ਜੈਪੁਰ ਦੇ ਰਾਜੇ ਭਗਵਾਨ ਦਾਸ ਨੇ ਹਿੰਦੂ ਉੱਚ ਜਾਤ ਦੀ ਪਰਵਾਹ ਕੀਤੇ ਬਗੈਰ ਆਪਣੀ ਭਤੀਜੀ ਦਾ ਵਿਆਹ ਬਾਦਸ਼ਾਹ ਅਕਬਰ ਨਾਲ ਕਰ ਦਿੱਤਾ। ਉਸ ਵਿਆਹ ਵਿਚ ਮਹੇਸ਼ ਦਾਸ ਬ੍ਰਾਹਮਣ ਨੂੰ ਵੀ ਇੱਕ ਮਸਖ਼ਰੇ ਵਜੋਂ ਬਾਦਸ਼ਾਹ ਅਕਬਰ ਦੇ ਦਾਜ ਵਿਚ ਦਿੱਤਾ ਗਿਆ। ਇਹ ਬਹੁਤ ਚੁਸਤ ਦਿਮਾਗ ਤੇ ਹੁਸ਼ਿਆਰ ਮਸਖ਼ਰਾ ਸੀ ਜੋ ਬਾਦਸ਼ਾਹ ਦਾ ਮਨੋਰੰਜਨ ਕਰਦਾ ਸੀ।ਬਾਦਸ਼ਾਹ ਦੇ ਨੇੜੇ ਹੋਣ ਦੇ ਕਾਰਨ ਇਹ ਬ੍ਰਾਹਮਣਾਂ ਦੀ ਇੱਕੋ-ਇੱਕ ਉਮੀਦ ਸੀ ਜੋ ਗੁਰੂ ਘਰ ਦੇ ਖ਼ਿਲਾਫ਼ ਬਾਦਸ਼ਾਹ ਦੇ ਮਨ ਵਿਚ ਜ਼ਹਿਰ ਭਰ ਸਕਦਾ ਸੀ। ਇਸ ਨੇ ਵੀ ਗੁਰੂ ਘਰ ਵਿਰੁੱਧ ਖੁੱਲ੍ਹੇ ਦਿਲ ਨਾਲ ਬਾਦਸ਼ਾਹ ਅਕਬਰ ਦੇ ਕੰਨ ਭਰੇ ਪਰ ਬਾਦਸ਼ਾਹ ਸਦਾ ਗੁਰੂ ਘਰ ਦੇ ਸੁਨਹਿਰੀ ਅਸੂਲਾਂ ਦਾ ਨੂੰ ਸਤਿਕਾਰ ਦਿੰਦਾ ਰਿਹਾ। ਗੁਰੂ ਘਰ ਦੇ ਵਿਰੁੱਧ ਬੋਲਣ ਵਾਲੇ ਇਸ ਬੀਰਬਲ ਦੀ ਮੌਤ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਹੀ ਹੋ ਗਈ ਸੀ।

੩. ਪ੍ਰਿਥੀ ਚੰਦ: ਗੁਰੂ ਅਰਜਨ ਸਾਹਿਬ ਦਾ ਵੱਡਾ ਭਰਾ ਵੀ ਬ੍ਰਾਹਮਣਾਂ ਦੀਆਂ ਗੱਲਾਂ ਵਿਚ ਆ ਕੇ ਤੇ ਗੁਰਗੱਦੀ ਦੇ ਲਾਲਚ ਵਿਚ ਗੁਰੂ ਸਾਹਿਬ ਦੀ ਵਿਰੋਧਤਾ ਕਰਦਾ ਰਿਹਾ। ਕਦੇ ਗੁਰੂ ਸਾਹਿਬ ਦੀ ਦਸਤਾਰ ਨੂੰ ਹੱਥ ਪਾ ਕੇ ਤੇ ਕਦੀ ਗੁਰੂ ਕੇ ਲੰਗਰ ਦੀ ਨਾਕਾਬੰਦੀ ਕਰਕੇ ਇਸ ਨੇ ਵੀ ਖੁਲ੍ਹ ਕੇ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਇਸਨੇ ਗੁਰੂ ਸਾਹਿਬ ਵਿਰੁੱਧ ਇੱਕ ਸ਼ਿਕਾਇਤਨਾਮਾ ਤਿਆਰ ਕਰਕੇ ਬਾਦਸ਼ਾਹ ਅਕਬਰ ਦੇ ਅੱਗੇ ਪੇਸ਼ ਕੀਤਾ ਪਰ ਬਾਦਸ਼ਾਹ ਵੱਲੋਂ ਕਰਵਾਈ ਪੜਤਾਲ ਵਿਚ ਝੂਠਾ ਸਾਬਤ ਹੋਣ ਕਾਰਨ ਇਸ ਨੂੰ ਬਾਦਸ਼ਾਹ ਨੇ ਬਹੁਤ ਜ਼ਲੀਲ ਕੀਤਾ।ਬੀਰਬਲ ਨਾਲ ਮਿਲ ਕੇ ਗੁਰੂ ਸਾਹਿਬ ਉੱਤੇ ਸੁਲਭੀ ਖ਼ਾਨ ਤੇ ਉਸਦੇ ਚਾਚਾ ਸੁਲਹੀ ਖ਼ਾਨ ਨੂੰ ਫ਼ੌਜਾਂ ਸਮੇਤ ਚੜ੍ਹਾ ਕੇ ਲਿਆਉਣ ਵਾਲਾ ਵੀ ਪ੍ਰਿਥੀ ਚੰਦ ਹੀ ਸੀ। ਇਸ ਨੇ ਹੀ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਨੂੰ



ਖਤਮ ਕਰਨ ਲਈ ਕਈ ਅਸਫ਼ਲ ਕੋਸ਼ਿਸ਼ਾਂ ਕੀਤੀਆਂ।

੪. ਕਾਹਨਾ, ਪੀਲੋ, ਛੱਜੂ ਤੇ ਸ਼ਾਹ ਹੁਸੈਨ: ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਆਪਣੇ ☞




ਆਪ ਨੂੰ ਆਪ ਹੀ ਭਗਤ ਅਖਵਾਉਣ ਵਾਲੇ ਇਹਨਾਂ ਪਖੰਡੀਆਂ ਨੇ ਵੀ ਆਪੋ-ਆਪਣੀ ਕਵਿਤਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਣੀ ਚਾਹੀ ਤਾਂ ਕਿ ਹਮੇਸ਼ਾਂ ਲਈ ਦੁਨੀਆਂ ਤੇ ਨਾਂ ਬਣਿਆ ਰਹਿ ਸਕੇ। ਸਤਿਗੁਰੂ ਜੀ ਨੇ ਇਹਨਾਂ ਦੀ ਕਵਿਤਾਵਾਂ ਤੇ ਇਹਨਾਂ ਦੇ ਜੀਵਨ ਨੂੰ ਗੁਰਮਤਿ ਦੀ ਕਸਵੱਟੀ ‘ਤੇ ਪਰਖ ਕੇ ਰੱਦ ਕਰ ਦਿੱਤਾ। ਇਹ ਚਾਰੋਂ ਭੜਕ ਉੱਠੇ ਤੇ ਗੁਰੂ ਸਾਹਿਬ ਨੂੰ ਖ਼ਤਮ ਕਰਵਾਉਣ ਦੀਆਂ ਧਮਕੀਆਂ ਦੇ ਵਾਪਸ ਆ ਗਏ।ਕਾਹਨੇ ਦੀ ਤਾਂ ਪਹਿਲਾਂ ਹੀ ਮੌਤ ਹੋ ਗਈ ਪਰ ਬਾਕੀ ਦਿਆਂ ਅਖੌਤੀ ਭਗਤਾਂ ਤੇ ਉਹਨਾਂ ਦੇ ਚੇਲਿਆਂ ਨੇ ਕਾਹਨੇ ਦੇ ਚੇਲਿਆਂ ਸਮੇਤ ਸਮੇਂ ਦੇ ਹਾਕਮਾਂ ਤੇ ਬਾਦਸ਼ਾਹ ਕੋਲ ਸਤਿਗੁਰੂ ਜੀ ਦੇ ਖ਼ਿਲਾਫ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਅੱਜ ਪੰਜਾਬ ਦੀ ਧਰਤੀ ‘ਤੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਇਹਨਾਂ ਦੀਆਂ ਰਚਨਾਵਾਂ ਹੀ ਪੜ੍ਹਾਈਆਂ ਜਾ ਰਹੀਆਂ ਹਨ।

੫. ਸਖੀ ਸਰਵਰ ਦੀ ਗੱਦੀ: ਇਸਲਾਮਿਕ ਰਾਜ ਦੇ ਹਾਕਮਾਂ ਵੱਲੋਂ ਹਿੰਦੁਸਤਾਨ ਦੇ ਲੋਕਾਂ ਨੂੰ ਮੁਸਲਮਾਨ ਬਣਾਉਣ ਲਈ ਸ਼ੇਖ ਫੱਤੇ ਦਾ ਸ਼ਰਧਾਲੂ ਬਣਾਇਆ ਜਾਂਦਾ ਰਿਹਾ। ਇਸ ਦੀ ਸੰਪਰਦਾ ਸਖੀ ਸਰਵਰ ਨੂੰ ਧਾਰਨ ਤੋਂ ਬਾਦ ਲੋਕ ਸਹਿਜੇ ਹੀ ਮੁਸਲਮਾਨ ਬਣ ਜਾਂਦੇ ਸਨ। ਸਾਰਾ ਪੰਜਾਬ ਸ਼ੇਖ ਫੱਤੇ ਦੇ ਅਸਰ ਹੇਠ ਆ ਚੁੱਕਾ ਸੀ ਪਰ ਜਿਵੇਂ ਜਿਵੇਂ ਸਿੱਖੀ ਦਾ ਪ੍ਰਚਾਰ ਫੈਲਣਾ ਸ਼ੁਰੂ ਹੋਇਆ, ਲੋਕ ਸਿੱਖੀ ਧਾਰਨ ਕਰਨ ਲੱਗ ਪਏ। ਜਦੋਂ ਸਖੀ ਸਰਵਰ ਦੇ ਮੱਤ ਦਾ ਪ੍ਰਚਾਰ ਕਰਨ ਵਾਲੇ ਦੋ ਵੱਡੇ ਪ੍ਰਚਾਰਕ ਭਾਈ ਮੰਝ ਤੇ ਭਾਈ ਬਹਿਲੋਂ ਸਖੀ ਸਰਵਰੀ ਮੱਤ ਛੱਡ ਗੁਰੂ ਸਾਹਿਬ ਦੇ ਸਿੱਖ ਬਣ ਗਏ ਤਾਂ ਮਾਨੋਂ ਪੰਜਾਬ ਦੀ ਧਰਤੀ ‘ਤੇ ਸਖੀ ਸਰਵਰ ਮੱਤ ਦੀ ਰੀੜ ਦੀ ਹੱਡੀ ਹੀ ਟੁੱਟ ਗਈ। ਇਸ ਘਟਨਾ ਨਾਲ ਸਖੀ ਸਰਵਰੀਏ ਮੱਚ ਉੱਠੇ।

(ਇਹ ਸ਼ੇਖ ਫੱਤਾ ਉਹ ਹੀ ਹੈ ਜਿਸ ਦੀ ਕਬਰ ਨੂੰ ਭੋਲੇ ਭਾਲੇ ਸਿੱਖ ਸਤਿਗੁਰੂ ਦਾ ਸ਼ਰਧਾਲੂ ਜਾਣ ਕੇ ਅੱਜ ਤੱਕ ਪੂਜਦੇ ਰਹੇ ਤੇ ਹੁਣ ਕੁਝ ਦਿਨ ਪਹਿਲਾਂ ਹੀ ਉਸਦੀ ਕਬਰ ਤੋਂ ਸਿੱਖ ਸੰਗਤਾਂ ਨੇ ਨਿਸ਼ਾਨ ਸਾਹਿਬ ਉਤਾਰਿਆ ਤੇ ਪੰਥ ਨੂੰ ਗੁਰੂ ਸਾਹਿਬ ਦੇ ਇਸ ਦੁਸ਼ਮਣ ਬਾਰੇ ਸੁਚੇਤ ਕੀਤਾ ਹੈ।)

੬. ਨਕਸ਼ਬੰਦੀ: ਤੂਰਾਨ ਦੀ ਪੈਦਾਵਾਰ ਖ਼ਵਾਜ਼ਾ ਮੁਹੰਮਦ ਬਾਕੀਬਿਲਾ ਰਾਹੀਂ ਇਕ ਹੋਰ ਨਵਾਂ ਸੂਫੀ ਸਿਲਸਿਲਾ ਹਿੰਦੁਸਤਾਨ ਆ ਪਹੁੰਚਿਆ, ਜਿਹੜਾ ਨਕਸ਼ਬੰਦੀ ਕਰਕੇ ਮਸ਼ਹੂਰ ਹੋਇਆ। ਹਿੰਦੁਸਤਾਨ ਵਿਚ ਇਸਲਾਮਿਕ ਰਾਜ ਦੇਖ ਕੇ ਇਸ ਨੇ ਨਕਸ਼ਬੰਦੀ ਨੂੰ ਫੈਲਾਉਣ ਲਈ ਰਾਜ ਸ਼ਕਤੀ ਨੂੰ ਵਰਤਿਆ। ਇਸ ਨੇ ਰਾਜ ਸ਼ਕਤੀ ਰਾਹੀਂ ਗੁਰੂ ਘਰ ਨੂੰ ਦਬਾਉਣਾ ਚਾਹਿਆ ਪਰ ਛੇਤੀ ਹੀ ਇਸ ਦਾ ਵੀ ਭੋਗ ਪੈ ਗਿਆ। ਇਸ ਦੀ ਮੌਤ ਤੋਂ ਬਾਦ ਇਸ ਦਾ ਕੰਮ ਸ਼ੇਖ ਅਹਿਮਦ ਸਰਹੰਦੀ ਨੇ ਸੰਭਾਲਿਆ।

੭. ਸ਼ੇਖ ਅਹਿਮਦ ਸਰਹੰਦੀ: ਇਹ ਸਰਹਿੰਦ ਵਿਚ ਪੈਦਾ ਹੋਣ ਸ਼ਖ਼ਸ ਬੜਾ ਤੇਜ਼ ਬੁੱਧੀ ਵਾਲਾ ਤੇ ਆਪਣੀ ਦਲੀਲ ਨਾਲ ਹਰ ਇੱਕ ਪ੍ਰਭਾਵਤ ਕਰ ਲੈਂਦਾ ਸੀ। ਇਹ ਇਸਲਾਮ ਮਤ ਦਾ ਬੜਾ ਉੱਘਾ ਵਿਦਵਾਨ ਸੀ। ਹਿੰਦੂਆਂ ਦਾ ਇਹ ਕੱਟੜ ਵਿਰੋਧੀ ਸੀ। ਇਹ ਇਸ ਗੱਲੋਂ ਵੀ ਬਹੁਤਾ ਔਖਾ ਸੀ ਕਿ ਸਿੱਖ ਮਤ ਦਿਨੋਂ ਦਿਨ ਫੈਲਦਾ ਹੀ ਜਾ ਰਿਹਾ ਹੈ। ਸੰਨ ੧੫੯੭ ਵਿਚ ਪੰਜਾਬ ਵਿਚ ਕਾਲ ਪੈ ਗਿਆ ਤੇ ਅਨੇਕਾਂ ਮਾਰੂ ਬਿਮਾਰੀਆਂ ਫੈਲ਼ ਗਈਆਂ। ਹਜ਼ਾਰਾਂ ਲੋਕ ਮੌਤ ਦੇ ਮੂੰਹ ਜਾ ਪਏ। ਲਾਹੌਰ ਦੀਆਂ ਗਲੀਆਂ ਮੁਰਦਿਆਂ ਨਾਲ ਭਰੀਆਂ ਪਈਆਂ ਸਨ। ਕੋਈ ਸਹਾਇਤਾ ਲਈ ਬਹੁੜ ਨਹੀਂ ਸੀ ਰਿਹਾ। ਅਜਿਹੇ ਵਿਚ ਗੁਰੂ ਅਰਜਨ ਸਾਹਿਬ ਨੇ ਰੋਗੀਆਂ ਦੀ ਦਵਾ ਦਾਰੂ ਨਾਲ ਸੇਵਾ ਕੀਤੀ ਤੇ ਲੋੜਵੰਦਾਂ ਨੂੰ ਖ਼ੁਰਾਕ ਪਹੁੰਚਾਈ। ਆਪਣੀ ਪਰਵਾਹ ਨਾ ਕਰਦੇ ਹੋਏ ਦੀਨ ਦੁਖੀਆਂ ਵਿਚ ਜਾ ਕੇ ਸੇਵਾ ਕੀਤੀ, ਜਿਸ ਨਾਲ ਸਤਿਗੁਰੂ ਜੀ ਸੇਵਾ ਤੇ ਪਰਉਪਕਾਰ ਦੀ ਬਿਰਤੀ ਦਾ ਪੂਰੇ ਹਿੰਦੁਸਤਾਨ ਵਿਚ ਪ੍ਰਚਾਰ ਹੋਇਆ। ਸ਼ੇਖ ਅਹਿਮਦ ਇਹ ਦੇਖ ਕੇ ਹੋਰ ਵੀ ਕਲਪ ਗਿਆ। ਇਧਰ ਵੱਡੇ-ਵੱਡੇ ਹਾਕਮਾਂ ਤੇ ਦਰਬਾਰੀਆਂ ਤੋਂ ਇਲਾਵਾ ਸ਼ੇਖ ਫਰੀਦ ਬੁਖ਼ਾਰੀ ਵੀ ਇਸ ਦਾ ਇਕ ਸ਼ਰਧਾਲੂ ਸੀ, ਜਿਸ ਦੀ ਸਹਾਇਤਾ ਨਾਲ ਇਸ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਵਾਉਣ ਲਈ ਸਾਜ਼ਿਸ਼ ਰਚੀ।

੮. ਸ਼ੇਖ ਫਰੀਦ ਬੁਖਾਰੀ ਜਾਂ ਮੁਰਤਜ਼ਾ ਖ਼ਾਂ: ਜਹਾਂਗੀਰ ਬਾਦਸ਼ਾਹ ਨੂੰ ਤਖ਼ਤ ਦਿਵਾਉਣ ਵਿਚ ਸਭ ਤੋਂ ਵੱਧ ਇਸ ਨੇ ਮਦਦ ਕੀਤੀ। ਇਸਨੂੰ ਲਾਹੌਰ ਦਾ ਕਿਲ੍ਹਾ ਬਚਾਉਣ ਕਰਕੇ ਹੀ ‘ਮੁਰਤਜ਼ਾ ਖਾਂ’ ਦਾ ਖ਼ਿਤਾਬ ਮਿਲਿਆ ਸੀ। ਇਸਨੇ ਹੀ ਸ਼ੇਖ ਅਹਿਮਦ ਸਰਹੰਦੀ ਨਾਲ ਮਿਲ ਕੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਲਈ ਜਹਾਂਗੀਰ ਨੂੰ ਝੂਠਾ ਬਹਾਨਾ ਲੱਭ ਕੇ ਦਿੱਤਾ ਸੀ।

੯. ਜਹਾਂਗੀਰ ਬਾਦਸ਼ਾਹ: ਇਹ ਕੱਟੜ ਤੇ ਤੁਅਸਬੀ ਨੀਤੀ ਦਾ ਧਾਰਨੀ ਸੀ। ਇਸ ਦੀ ਇੱਛਾ ਸੀ ਕਿ ਸਾਰੇ ਹਿੰਦੁਸਤਾਨ ਵਿਚ ਕੇਵਲ ਇਸਲਾਮ ਮੱਤ ਹੀ ਹੋਵੇ। ਇਸ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਅਨੇਕਾਂ ਤਰੀਕੇ ਵਰਤੇ। ਸਿੱਖੀ ਦਾ ਪ੍ਰਚਾਰ ਵੀ ਇਸ ਨੂੰ ਖਟਕਦਾ ਸੀ। ਇਸ ਨੇ ਆਪਣੀ ਸਵੈ-ਜੀਵਨੀ ‘ਤੁਜ਼ਕਿ-ਜਹਾਂਗੀਰੀ’ ਵਿਚ ਕੁਝ ਇਸ ਤਰ੍ਹਾਂ ਲਿਖਿਆ ਹੈ:

“ਗੋਇੰਦਵਾਲ ਵਿਚ, ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਗੁਰੂ ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬਹੁਤ ਸਾਰੇ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫ਼ਰੇਬੀ ਤੇ ਠੱਗੀ ਪਸੰਦ ਲੋਕ ਉਸ ਕੋਲ ਆ ਕੇ ਉਸ ਉੱਤੇ ਪੂਰਾ ਏਤਕਾਦ ਅਤੇ ਸ਼ਰਧਾ ਦਾ ਇਜ਼ਹਾਰ ਕਰਦੇ ਸਨ।ਤਿੰਨ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਸਮੇਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮਤ ਵਿਚ ਲੈ ਆਉਣਾ ਚਾਹੀਦਾ ਹੈ।“ਦਰਅਸਲ ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਹੀ ਇਹ ਸੀ ਕਿ ਸਮੇਂ ਦਾ ਬਾਦਸ਼ਾਹ ਗੁਰੂ ਸਾਹਿਬ ਦੇ ਵਿਰੁੱਧ ਸੀ ਤੇ ਹਰ ਹੀਲੇ ਗੁਰੂ ਸਾਹਿਬ ਨੂੰ ਖਤਮ ਜਾਂ ਇਸਲਾਮ ਦੇ ਦਾਇਰੇ ਵਿਚ ਲਿਆਉਣਾ ਚਾਹੁੰਦਾ ਸੀ।

੧੦. ਚੰਦੂ: ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਵੇਲੇ ਹੋਰ ਭਾਵੇਂ ਕਿਸੇ ਦਾ ਜ਼ਿਕਰ ਆਵੇ ਜਾਂ ਨਾ ਆਵੇ ਪਰ ਚੰਦੂ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਪ੍ਰੋਫ਼ੈਸਰ ਸਾਹਿਬ ਸਿੰਘ ਜੀ ਮੁਤਾਬਿਕ ਇਹ ਗੁਰਦਾਸਪੁਰ ਦੇ ਪਿੰਡ ਰੁਹੇਲੇ ਦਾ ਖੱਤਰੀ ਸੀ ਜੋ ਕਿ ਲਾਹੌਰ ਮਾਮੂਲੀ ਜਿਹਾ ਸਰਕਾਰੀ ਮੁਲਾਜ਼ਮ ਸੀ। ਇਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਦੀ ਧੀ ਲਈ ਚੰਦੂ ਦੇ ਪੁਰੋਹਿਤ ਸਾਹਿਬਜ਼ਾਦੇ ਹਰਿਗੋਬਿੰਦ ਸਾਹਿਬ ਜੀ ਦਾ ਰਿਸ਼ਤਾ ਕਰ ਗਏ। ਇਸਨੂੰ ਪਤਾ ਲੱਗਣ ਤੇ ਅੰਦਰੋਂ ਤਾਂ ਬੜਾ ਖੁਸ਼ ਹੋਇਆ ਪਰ ਹੰਕਾਰ ਵਿਚ ਆ ਕੇ ਪੁਰੋਹਿਤ ਨੂੰ ਕਹਿ ਦਿੱਤਾ ਕਿ ਤੂੰ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਇਆ ਹੈਂ। ਗੁਰੂ ਨਾਨਕ ਦੇ ਘਰ ਨੂੰ ਮੋਰੀ ਕਹਿਣ ਬਾਰੇ ਪਤਾ ਲੱਗਣ ‘ਤੇ ਸਤਿਗੁਰੂ ਜੀ ਨੇ ਰਿਸ਼ਤਾ ਵਾਪਸ ਮੋੜ ਦਿੱਤਾ ਤੇ ਇਸ ਗੱਲੋਂ ਇਹ ਵੀ ਬੇਇਜ਼ਤੀ ਵਿਚ ਸੜ੍ਹ ਬਲ ਕੋਲ਼ੇ ਹੋ ਗਿਆ।

ਸਤਿਗੁਰੂ ਜੀ ਦੀ ਸ਼ਹੀਦੀ ਵੇਲੇ ਇਸ ਦੀ ਡਿਊਟੀ ਲੱਗ ਜਾਣ ਕਾਰਨ ਇਸ ਨੇ ਸਤਿਗੁਰੂ ਜੀ ਨੂੰ ਤਸੀਹੇ ਦੇ ਕੇ ਰੱਜ ਕੇ ਦਿਲ ਦੀ ਭੜਾਸ ਕੱਢੀ। ਚੰਦੂ ਦੇ ਕਾਰਨ ਸਤਿਗੁਰੂ ਜੀ ਦੀ ਸ਼ਹਾਦਤ ਨੂੰ ਇਕ ਪਰਿਵਾਰਕ ਝਗੜਾ ਕਹਿਣਾ ਸ਼ਹਾਦਤ ਦੀ ਮਹਾਨਤਾ ਘਟਾਉਣਾ ਹੈ ਜੋ ਸਤਿਗੁਰੂ ਜੀ ਨੇ ਗੁਰੂ ਗ੍ਰੰਥ, ਗੁਰੂ ਪੰਥ ਤੇ ਸਾਰੀ ਮਨੁੱਖਤਾ ਦੇ ਭਲੇ ਲਈ ਦਿੱਤੀ ਹੈ। ਇਸ ਪਾਤਰ ਨੂੰ ਅਜੇ ਹੋਰ ਵਿਚਾਰਨ ਦੀ ਲੋੜ ਹੈ।

ਬਹਾਨਾ: ਗੁਰੂ ਅਰਜਨ ਸਾਹਿਬ ਜੀ ਨੂੰ ਖਤਮ ਕਰਨ ਲਈ ਕਿਸੇ ਬਹਾਨੇ ਦੀ ਲੋੜ ਸੀ। ਉਹ ਬਹਾਨਾ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫ਼ਰੀਦ ਬੁਖਾਰੀ ਮੁਰਤਜ਼ਾ ਖਾਂ ਨੇ ਬਣਾਇਆ। ਜਦੋਂ ਜਹਾਂਗੀਰ ਦਾ ਪੁੱਤਰ ਖੁਸਰੋ ਬਗਾਵਤ ਕਰ ਕੇ ਦੌੜਿਆ ਤਾਂ ਰਸਤੇ ਵਿਚ ਇਸ ਦੇ ਕੁਝ ਹਿਮਾਇਤੀਆਂ ਨੇ ਇਸ ਦੀ ਸਹਾਇਤਾ ਵੀ ਕੀਤੀ। ਪਿੱਛੇ-ਪਿੱਛੇ ਮੁਰਤਜ਼ਾ ਖਾਂ ਇਸ ਦੇ ਹਿਮਾਇਤੀਆਂ ਨੂੰ ਸਜ਼ਾ ਵੀ ਦਿੰਦਾ ਆ ਰਿਹਾ ਸੀ। ਜਿਹੜੇ ਖੁਸਰੋ ਦੇ ਸਾਥੀ ਬਚ ਗਏ ਉਹਨਾਂ ਨੂੰ ਜਹਾਂਗੀਰ ਨੇ ਸਜ਼ਾਵਾਂ ਦਿੱਤੀਆਂ।

ਕੁਝ ਦਿਨਾਂ ਬਾਦ ਇਹ ਚਾਲ ਚੱਲੀ ਗਈ ਕਿ ਕਿਉਂ ਨਾ ਗੁਰੂ ਅਰਜਨ ਸਾਹਿਬ ਨੂੰ ਵੀ ਖੁਸਰੋ ਦਾ ਸਾਥ ਦੇਣ ਦੇ ਜ਼ੁਰਮ ਵਿਚ ਖਤਮ ਕਰ ਦਿੱਤਾ ਜਾਏ? ਮੌਕੇ ਦਾ ਫਾਇਦਾ ਉਠਾ ਕੇ ਸ਼ੇਖ ਅਹਿਮਦ ਸਰਹੰਦੀ ਤੇ ਮੁਰਤਜ਼ਾ ਖਾਂ ਦੀ ਚੰਡਾਲ ਚੌਕੜੀ ਨੇ ਇਕ ਝੂਠੀ ਸ਼ਿਕਾਇਤ ਜਹਾਂਗੀਰ ਬਾਦਸ਼ਾਹ ਦੇ ਅੱਗੇ ਪੇਸ਼ ਕਰ ਦਿੱਤੀ ਕਿ ਗੋਇੰਦਵਾਲ ਸਾਹਿਬ ਵਿਖੇ ਗੁਰੂ ਸਾਹਿਬ ਨੇ ਖੁਸਰੋ ਦੀ ਮਦਦ ਕੀਤੀ ਤੇ ਉਸ ਦੇ ਮੱਥੇ ‘ਤੇ ਤਿਲਕ ਲਗਾ ਕੇ ਰਾਜ-ਭਾਗ ਹੋਣ ਦਾ ਉਸ ਨੂੰ ਅਸ਼ੀਰਵਾਦ ਦਿੱਤਾ ਹੈ।

ਹਾਲਾਂਕਿ ਉਸ ਸਮੇਂ ਗੁਰੂ ਸਾਹਿਬ ਗੋਇੰਦਵਾਲ ਨਹੀਂ ਬਲਕਿ ਅੰਮ੍ਰਿਤਸਰ ਦੀ ਧਰਤੀ ‘ਤੇ ਮੌਜੂਦ ਸਨ। ਦੂਜਾ ਗੁਰੂ ਨਾਨਕ ਦੇ ਘਰ ਤਾਂ ਕੋਈ ਵੀ ਆ ਸਕਦਾ ਹੈ। ਤੀਜਾ ਮੱਥੇ ‘ਤੇ ਤਿਲਕ ਲਗਾਉਣ ਦੀ ਸਿੱਖ ਧਰਮ ਵਿਚ ਕੋਈ ਮਰਿਆਦਾ ਨਹੀਂ ਹੈ। ਫਿਰ ਵੀ ਸਤਿਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਜਹਾਂਗੀਰ ਨੇ ਆਪਣੇ ਸਿਪਾਹੀ ਭੇਜੇ ਤੇ ਇਹ ਬਹਾਨਾ ਲਾ ਕੇ ਸਤਿਗੁਰੂ ਜੀ ਨੂੰ ਲਾਹੌਰ ਵਿਖੇ ਕੈਦ ਕਰ ਲਿਆ ਗਿਆ।

ਇੱਥੇ ਸਤਿਗੁਰੂ ਜੀ ਨੂੰ ਭਿਆਨਕ ਤਸੀਹੇ ਦਿੱਤੇ ਗਏ। ਭੋਜਨ ਤੇ ਪਾਣੀ ਤੱਕ ਬੰਦ ਕਰ ਦਿੱਤਾ ਗਿਆ। ਕੁਝ ਸ਼ਰਤਾਂ ਰੱਖੀਆਂ ਗਈਆਂ, ਜਿਸ ਵਿਚੋਂ ਇੱਕ ਇਹ ਕਿ ਸਿੱਖੀ ਛੱਡ ਕੇ ਇਸਲਾਮ ਧਰਮ ਧਾਰਨ ਕਰ ਲਵੋ ਜਾਂ ਸ਼ਾਹੀ ਖ਼ਜਾਨੇ ਵਿਚ ਟੈਕਸ ਭਰੋ। ਕਈ ਵਿਦਵਾਨ ਇਹ ਵੀ ਆਖਦੇ ਨੇ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਸਿਫ਼ਤ ਦਾ ਸ਼ਬਦ ਵੀ ਰਚ ਕੇ ਦਰਜ ਕਰਨ ਲਈ ਕਿਹਾ ਗਿਆ।

ਸਤਿਗੁਰੂ ਜੀ ਦਾ ਜਵਾਬ ਇਹ ਸੀ ਕਿ ਅਸੀਂ ਆਪਣੇ ਧਰਮ ਵਿਚ ਦ੍ਰਿੜ ਹਾਂ। ਕਿਰਤੀ ਸਿੱਖਾਂ ਦੀ ਨੇਕ ਖ਼ੂਨ-ਪਸੀਨੇ ਦੀ ਕਮਾਈ ਨਾਲ ਗੁਰੂ ਕੇ ਲੰਗਰ ਤਾਂ ਚਲਾਏ ਜਾ ਸਕਦੇ ਨੇ ਜਾਂ ਲੋੜ੍ਹਵੰਦਾਂ ਦੀ ਮਦਦ ਤਾਂ ਕੀਤੀ ਜਾ ਸਕਦੀ ਹੈ ਪਰ ਸ਼ਾਹੀ ਖ਼ਜਾਨੇ ਨਹੀਂ ਭਰੇ ਜਾ ਸਕਦੇ। ਬਾਕੀ ਰਹੀ ਗੱਲ ਗੁਰਬਾਣੀ ਦੀ ਇਸ ਵਿਚ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਦੀ ਹੀ ਸਿਫ਼ਤ ਹੈ। ਉਹ ਵੀ ਮੇਰੇ ਤੋਂ ਜੋ ਮੇਰੇ ਮਾਲਕ ਨੇ ਬੁਲਾ ਲਿਆ ਹੈ ਉਹ ਹੀ ਦਰਜ ਹੈ।

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ ਸ੍ਰੀ ਗੁਰੂ ਅਰਜਨ ਸਾਹਿਬ ਜੀ (੭੬੩) ਇਹ ਜਵਾਬ ਸੁਣ ਕੇ ਸਤਿਗੁਰੂ ਜੀ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ। ਫਿਰ ਤੱਤੀ ਤਵੀ ‘ਤੇ ਬਿਠਾ ਕੇ ਗਰਮ ਰੇਤ ਸਰੀਰ ਉੱਤੇ ਪਾਈ ਗਈ। ਜਦੋਂ ਸਰੀਰ ਬਿਲਕੁਲ ਨਿਢਾਲ ਹੋ ਗਿਆ ਤੇ ਸਰੀਰ ਦੀ ਚਮੜੀ ਦੀ ਚਰਬੀ ਢਲਨ ਲੱਗੀ। ਇਤਿਹਾਸਕਾਰਾਂ ਮੁਤਾਬਕ ਅਖੀਰ ੩੦ ਮਈ, ੧੬੦੬ ਨੂੰ ਰਾਵੀ ਦਰਿਆ ਵਿਚ ਸਤਿਗੁਰੂ ਜੀ ਦੇ ਸਰੀਰ ਨੂੰ ਰੋੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ।


# Injured in an accident? ICBC claim?

## We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

# T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲੇਖਕ ਬਲਬੀਰ ਸਿੰਘ ਸੰਘਾ ਦੀ ਪੁਸਤਕ ਰਿਲੀਜ਼






ਰੂਪਿੰਦਰ ਖਹਿਰਾ ਰੂਪੀ( ਸਰ੍ਹੀ)- ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮਾਸਿਕ ਮਿਲਣੀ ਸੀਨਅਰ ਸਿਟੀਜਨ ਸੈਂਟਰ ਵਿਖੇ ਹੋਈ।ਜਿਸ ਵਿੱਚ ਸਾਹਿਤਕਾਰ ਬਲਬੀਰ ਸਿੰਘ ਸੰਘਾ ਦੀ ਪੁਸਤਕ ਦਾ ਲੋਕ ਅਰਪਣ ਕੀਤਾ ਗਿਆ।

ਇਹ ਸਮਾਗਮ ਪਿਤਾ ਦਿਵਸ ਨੂੰ ਸਮਰਪਿਤ ਕੀਤਾ ਗਿਆ।ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਅਤੇ ਸਟੇਜ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ।ਪ੍ਰਧਾਨਗੀ ਮੰਡਲ ਵਿੱਚ ਸਕੱਤਰ ਪਲਵਿੰਦਰ ਸਿੰਘ ਰੰਧਾਵਾ,ਪ੍ਰਧਾਨ ਪ੍ਰਿਤਪਾਲ ਗਿੱਲ, ਲੇਖਕ ਬਲਬੀਰ ਸਿੰਘ ਸੰਘਾ, ਸਾਬਕਾ ਜੱਜ ਡਾ: ਸ਼ਿੰਦਰ ਪੁਰੇ ਵਾਲ, ਸੇਨੇਟਰ ਬਲਤੇਜ ਸਿੰਘ ਢਿੱਲੋਂ ਸੁਸ਼ੋਭਿਤ ਹੋਏ।

ਉਪਰੰਤ ਪੁਸਤਕ ਬਾਰੇ ਪਰਚੇ ਪ੍ਰਿਤਪਾਲ ਗਿੱਲ,ਅਮਰੀਕ ਪਲਾਹੀ, ਸੁਰਜੀਤ ਸਿੰਘ ਮਾਧੋ ਪੁਰੀ, ਡਾ :ਰਣਜੀਤ ਸਿੰਘ ਪੰਨੂ ( ਜਗਦੀਪ ਨੂਰਾਨੀ ਦਾ ਪਰਚਾ), ਪ੍ਰੋ : ਕਸ਼ਮੀਰਾ ਸਿੰਘ, ਸੇਨੇਟਰ ਬਲਤੇਜ ਸਿੰਘ ਢਿੱਲੋਂ, ਡਾ: ਪ੍ਰਿਥੀਪਾਲ ਸਿੰਘ ਸੋਹੀ ਅਤੇ ਇੰਦਰ ਪਾਲ ਸਿੰਘ ਸੰਧੂ(ਸੁਰਜੀਤ ਭੁੱਲਰ ਦਾ ਪਰਚਾ) ਵੱਲੋਂ ਵਿਸਥਾਰ ਸਹਿਤ ਪੜ੍ਹੇ ਗਏ । ਲੇਖਕ ਕਵੀ ਬਲਬੀਰ ਸਿੰਘ ਸੰਘਾ ਵੱਲੋਂ ਆਪਣੀ ਪੁਸਤਕ ਬਾਰੇ ਵਿਚਾਰ ਸਾਂਝੇ ਕੀਤੇ ਗਏ।

ਬੋਰਡ ਮੈਂਬਰ, ਪ੍ਰਧਾਨਗੀ ਮੰਡਲ, ਸਥਾਨਕ ਲੇਖਕ ਅਤੇ ਖੱਚਾ -ਖੱਚ ਭਰੇ ਹਾਲ ਵਿੱਚ ਤਾੜੀਆਂ ਦੀ ਗੂੰਜ ਵਿੱਚ ਲੇਖਕ ਬਲਬੀਰ ਸਿੰਘ ਸੰਘਾ ਦੀ ਪੁਸਤਕ " ਹੋਕਾ" ਦਾ ਲੋਕ ਅਰਪਣ ਕੀਤਾ ਗਿਆ। ਸਭਾ ਵੱਲੋਂ ਲੇਖਕ ਨੂੰ ਸਨਮਾਨਿਤ ਕੀਤਾ ਗਿਆ।ਪੁਸਤਕ ਰਿਲੀਜ਼ ਮੌਕੇ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਸਿੰਘ ਮਾਧੋ ਪੁਰੀ ,ਇੰਦਰ ਪਾਲ ਸਿੰਘ ਸੰਧੂ, ਅਮਰੀਕ ਸਿੰਘ ਲੇਲ੍ਹ, ਦਰਸ਼ਨ ਸੰਘਾ, ਬਲਬੀਰ ਸਿੰਘ ਸੰਘਾ ,ਇੰਦਰਜੀਤ ਧਾਮੀ, ਅਮਰੀਕ ਪਲਾਹੀ, ਪ੍ਰੋ: ਕਸ਼ਮੀਰਾ ਸਿੰਘ, ਡਾ: ਪ੍ਰਿਥੀਪਾਲ ਸਿੰਘ ਸੋਹੀ, ਹਰਿੰਦਰ ਕੌਰ ਸੋਹੀ, ਬਿਕੱਰ ਖੋਸਾ, ਕੇਸਰ ਸਿੰਘ ਕੂਨਰ, ਇੰਦਰਜੀਤ ਕੌਰ ਸੰਧੂ, ਗਿਆਨ ਸਿੰਘ ਸੰਧੂ, ਸਰਬਜੀਤ ਰੰਧਾਵਾ, ਨਿਰਮਲ ਗਿੱਲ, ਡਾ: ਰਣਜੀਤ ਸਿੰਘ ਪੰਨੂ ਸੇਨੇਟਰ ਬਲਤੇਜ ਸਿੰਘ ਢਿੱਲੋਂ ਸ਼ਾਮਿਲ ਹੋਏ ਅਤੇ ਕਵੀ ਦਰਬਾਰ ਵਿੱਚ ਇਹਨਾਂ ਤੋਂ ਇਲਾਵਾ ਗੁਰਮੀਤ ਕਾਲਕਟ, ਹਰਚੰਦ ਸਿੰਘ ਗਿੱਲ, ਡਾ: ਬਲਦੇਵ ਸਿੰਘ ਖਹਿਰਾ, ਨਰਿੰਦਰ ਸਿੰਘ ਬਾਹੀਆ, ਕੁਲਦੀਪ ਸਿੰਘ ਜਗ ਪਾਲ, ਮਨਜੀਤ ਮਲਾ, ਦਵਿੰਦਰ ਕੌਰ ਜੌਹਲ, ਡਾ: ਗੁਰਮਿੰਦਰ ਕੌਰ ਸਿੱਧੂ, ਚਮਕੌਰ ਸਿੰਘ ਸੇਖੋਂ, ਮਿਸਜ ਨਰੇਸ਼ ਬਖ਼ਸ਼ੀ, ਦਰਸ਼ਨ ਸਿੰਘ ਦੁਸਾਂਝ, ਅਜਮੇਰ ਸਿੰਘ ਢਿੱਲੋਂ, ਡ:ਗੁਪਾਲ ਸਿੰਘ ਬੁਟੱਰ , ਸੁਖਵਿੰਦਰ ਕੌਰ ਸਿੱਧੂ,ਵੀਤ ਬਾਦਸ਼ਾਹ ਪੁਰੀ ਅਤੇ ਹਾਜ਼ਰ ਸਰੋਤਿਆਂ ਵਿੱਚ ਜਗਦੀਸ਼ ਸਿੰਘ, ਮਨਿੰਦਰ,ਬਲਵਿੰਦਰ ਕੌਰ ਰਤਨ,ਜਸਬੀਰ ਕੌਰ ਕਾਹਲੋ, ਰੇਸ਼ ਬਖ਼ਸ਼ੀ, ਸਰਵਣ ਸਿੰਘ ਰੰਧਾਵਾ, ਸੁਰਜੀਤ ਸਿੰਘ ਬਾਠ, ਗੁਰ ਦਰਸ਼ਨ ਤਤਲਾ,ਹਰਬੀਰ ਸਿੰਘ ਸੰਘਾ, ਅਜੀਤ ਪਾਲ ਕੌਰ ਸੰਘਾ,ਮਾਹੀ ਕੌਰ ਸੰਘਾ, ਮੇਹਰ ਸਿੰਘ ਸੰਘਾ, ਅਮਰਜੋਤ ਕੌਰ ਬਾਸੀ,ਨਰਿੰਦਰ ਸਿੰਘ ਨਿਜੱਰ, ਤਰਲੋਕ ਸਿੰਘ ਫਹੁੜਾ,ਬਲਦੇਵ ਸਿੰਘ ਬਾਗੜੀ,ਗੁਰਿੰਦਰ ਜੀਤ,ਜਸਵੰਤ ਕੌਰ ਸੰਘ, ਸੰਤੋਖ ਸਿੰਘ ਘੁੰਮਣ,ਦਵਿੰਦਰ ਸਿੰਘ ਮਾਂਗਟ,ਅਮਰਜੀਤ ਕੌਰ ਮਾਂਗਟ,ਨਿਰਮਲ ਗਿੱਲ, ਮਲਕੀਤ ਸਿੰਘ ਗਿੱਲ, ਗੁਰਮੇਲ ਸਿੰਘ ਧਾਲੀਵਾਲ, ਸ਼ਮਸ਼ੇਰ ਸਿੰਘ ਦਾਦੇ ਰਾਓ, ਮੋਹਿੰਦਰ ਸਿੰਘ ਮੱਘਰ, ਸਾਧੂ ਸਿੰਘ, ਅਮਰੀਕ ਪਾਲ ਸਿੰਘ, ਨਛੱਤਰ ਸਿੰਘ ਡਾਂਸੀ ਵਾਲ ਅਤੇ ਬਲਤੇਜ ਸਿੰਘ ਡਿਲ ਵੀ ਸ਼ਾਮਿਲ ਹੋਏ।ਬੁਲਾਰਿਆਂ ਵੱਲੋਂ ਆਪਣੀਆਂ ਰਚਨਾਵਾਂ ਅਤੇ ਤਰਨੁੰਮ ਵਿੱਚ ਪੇਸ਼ ਕੀਤੇ ਗੀਤਾਂ ਨਾਲ ਸਭ ਦਾ ਮਨੋਰੰਜਨ ਕੀਤਾ ਗਿਆ।ਅੰਤ ਵਿੱਚ ਸਮਾਗਮ ਨੂੰ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਵਡਮੁੱਲੇ ਸ਼ਬਦਾਂ ਨਾਲ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਸਮੇਟਿਆ ਗਿਆ ਅਤੇ ਸਭ ਦਾ ਧੰਨਵਾਦ ਕੀਤਾ ਗਿਆ।


FIXMAN
GLASS REPAIR LTD
Auto
Residential
Commercial
"We Are The Clear Choice"
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000



Mandeep Dhaliwal
www.fixmanglass.com Email:fixmanglass@gmail.com



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ
ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ ਜਾਵੇਗਾ ਅਤੇ 2 ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ 1) ਨਗਰ ਜੰਡੀ ਰਸੂਲਪੁਰ ਦੀ ਸੰਗਤ ਵੱਲੋਂ 2) ਭਾਈ ਸੁਖਵਿੰਦਰ ਸਿੰਘ ਸ਼ੇਰਗਿੱਲ ਪਰਿਵਾਰ ਵੱਲੋਂ ਹੋਵੇਗੀ।ਇਹ ਅਖੰਡ ਪਾਠ 27 ਜੂਨ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 29 ਜੂਨ ਦਿਨ ਐਤਵਾਰ ਸਵੇਰੇ 9:30 ਵਜੇ ਪੈਣਗੇ। ਉਪਰੰਤ ਹਫਤਾਵਰੀ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।



• ਅੰਤਿਮ ਸਸਕਾਰ ਸਵ. ਬੀਬੀ ਜਗਦੀਸ਼ ਕੌਰ ਕੂਨਰ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 27 ਜੂਨ ਦਿਨ ਸ਼ੁੱਕਰਵਾਰ ਦੁਪਹਿਰ 1 ਵਜੇ ਹੋਵੇਗਾ ਉਪਰੰਤ 2:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
• 27 ਜੂਨ ਦਿਨ ਸ਼ੁੱਕਰਵਾਰ ਸ਼ਾਮ 3:30 ਵਜੇ ਸੁਖਮਨੀ ਸਾਹਿਬ ਦੇ ਪਾਠ ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਸੁਖਚੈਨ ਸਿੰਘ ਪਰਿਵਾਰ ਵੱਲੋਂ ਹੋਵੇਗੀ।
• 28 ਜੂਨ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਬੱਚੀ ਦਵਨੀਤ ਕੌਰ ਬਹੁਗਣ ਦੇ ਅਨੰਦ ਕਾਰਜ ਦੀ ਸੇਵਾ ਹੋਵੇਗੀ।
•28 ਜੂਨ ਦਿਨ ਸ਼ਨਿੱਚਰਵਾਰ ਸ਼ਾਮ 3:30 ਵਜੇ 5 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਹੋਵੇਗੀ: 1)ਭਾਈ ਗੁਰਚਰਨ ਸਿੰਘ ਕਲਸੀ 2) ਭਾਈ ਕਰਨਪ੍ਰੀਤ ਸਿੰਘ 3) ਭਾਈ ਹਰਪ੍ਰੀਤ ਸਿੰਘ ਢਿੱਲੋਂ 4) ਗੋਪਾਲ ਸਿੰਘ 5) ਸੁਰਜੀਤ ਸਿੰਘ ਮਿਨਹਾਸ
•29 ਜੂਨ ਦਿਨ ਐਤਵਾਰ ਸਵੇਰੇ 12:30 ਵਜੇ ਸਹਿਜ ਪਾਠ ਦੇ ਭੋਗ, ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
•29 ਜੂਨ ਦਿਨ ਐਤਵਾਰ ਸ਼ਾਮ 3:30 ਵਜੇ 2 ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਏਕਮ ਸਿੰਘ ਸੰਧੂ 2) ਭਾਈ ਗੁਰਮੇਲ ਸਿੰਘ ਪ੍ਰਵਾਰਾਂ ਵੱਲੋਂ ਹੋਵੇਗੀ।
•1 ਜੁਲਾਈ ਦਿਨ ਮੰਗਲਵਾਰ ਸਵੇਰੇ 9:30 ਵਜੇ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਹਰਜੀਤ ਸਿੰਘ ਗੋਲੀਆ 2) ਭਾਈ ਗੁਰਮੁਖ ਸਿੰਘ ਪ੍ਰਵਾਰ ਵੱਲੋਂ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ
ਰਾਗੀ ਜਥੇ:ਭਾਈ ਗੁਰਜੀਤ ਸਿੰਘ ਅੰਮ੍ਰਿਤਸਰ ਵਾਲੇ ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ
ਕਥਾਵਾਚਕ:ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ:ਭਾਈ ਮਨਜੀਤ ਸਿੰਘ ਰਾਹੀ
ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਇਰਾਨ ਨਾਲ ਜੰਗ ਨਹੀਂ ਚਾਹੁੰਦਾ ਅਮਰੀਕਾ:ਪੈਂਟਾਗਨ

ਵਾਸ਼ਿੰਗਟਨ: ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਕਿਹਾ ਕਿ ਅਮਰੀਕਾ, ਇਰਾਨ ਨਾਲ ਜੰਗ ਵਧਾਉਣਾ ਨਹੀਂ ਚਾਹੁੰਦਾ ਹੈ।ਉਧਰ ਉਪ ਰਾਸ਼ਟਰਪਤੀ ਨੇ ਕਿਹਾ ਕਿ ਹਮਲਿਆਂ ਮਗਰੋਂ ਇਰਾਨ ਨੂੰ ਅਮਰੀਕਾ ਨਾਲ ਗੱਲਬਾਤ ਦਾ ਨਵਾਂ ਮੌਕਾ ਮਿਲ ਗਿਆ ਹੈ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਤਰ ਦੇ ਅਲ ਉਦੀਦ ਹਵਾਈ ਅੱਡੇ 'ਤੇ ਈਰਾਨ ਦੇ ਬੈਲਿਸਟਿਕ ਮਿਜ਼ਾਈਲ ਹਮਲੇ ਨੂੰ ਮਮੂਲੀ ਦੱਸਿਆ, ਦਾਅਵਾ ਕੀਤਾ ਕਿ ਤਹਿਰਾਨ ਨੇ ਹਮਲੇ ਤੋਂ ਪਹਿਲਾਂ ਪਹਿਲਾਂ ਚੇਤਾਵਨੀ ਦਿੱਤੀ ਸੀ ਅਤੇ ਖੇਤਰ ਵਿੱਚ ਤਣਾਅ ਘਟਾਉਣ ਅਤੇ ਸ਼ਾਂਤੀ ਦੀ ਮੰਗ ਕੀਤੀ ਸੀ।ਟਰੰਪ ਨੇ ਕਿਹਾ ਕਿ ਕੋਈ ਵੀ ਅਮਰੀਕੀ ਜਾਨ ਨਹੀਂ ਗਈ ਅਤੇ ਨੁਕਸਾਨ ਘੱਟ ਸੀ ਕਿਉਂਕਿ ਈਰਾਨ ਦੁਆਰਾ ਦਾਗੀਆਂ ਗਈਆਂ ਸਾਰੀਆਂ 14 ਮਿਜ਼ਾਈਲਾਂ ਨੂੰ ਜਾਂ ਤਾਂ ਰੋਕਿਆ ਗਿਆ ਜਾਂ ਮੋੜ ਦਿੱਤਾ ਗਿਆ।ਮਿਜ਼ਾਈਲਾਂ ਦਾ ਨਿਸ਼ਾਨਾ ਮੱਧ ਪੂਰਬ ਵਿੱਚ ਅਮਰੀਕੀ ਫੌਜ ਦੇ ਸਭ ਤੋਂ ਵੱਡੇ ਅੱਡੇ 'ਤੇ ਸੀ, ਜਿੱਥੇ ਕਤਰ ਦੀਆਂ ਫੌਜਾਂ ਅਤੇ ਹੋਰ ਸਹਿਯੋਗੀ ਕਰਮਚਾਰੀ ਵੀ ਹਨ।ਟਰੰਪ ਨੇ ਲਿਖਿਆ, "ਮੈਂ ਈਰਾਨ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਸਨੇ ਸਾਨੂੰ ਜਲਦੀ ਸੂਚਿਤ ਕੀਤਾ, ਜਿਸ ਨਾਲ ਕੋਈ ਜਾਨ ਨਹੀਂ ਗਈ ਅਤੇ ਨਾ ਹੀ ਕੋਈ ਜ਼ਖਮੀ ਹੋਇਆ।ਸ਼ਾਇਦ ਈਰਾਨ ਹੁਣ ਖੇਤਰ ਵਿੱਚ ਸ਼ਾਂਤੀ ਅਤੇ ਸਦਭਾਵਨਾ ਵੱਲ ਵਧ ਸਕਦਾ ਹੈ, ਅਤੇ ਮੈਂ ਇਜ਼ਰਾਈਲ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹ ਨਾਲ ਉਤਸ਼ਾਹਿਤ ਕਰਾਂਗਾ।"ਇਹ ਬਿਆਨ ਈਰਾਨ ਵੱਲੋਂ ਕਤਰ ਵਿੱਚ ਇੱਕ ਅਮਰੀਕੀ ਫੌਜੀ ਅੱਡੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਮਿਜ਼ਾਈਲ ਹਮਲਿਆਂ ਦੇ ਮੱਦੇਨਜ਼ਰ ਆਇਆ ਹੈ।


## ਵਰਕਰਾਂ ਦੀ ਲੋੜ

ਪਿਟਮੀਡੋ ਵਿਚ ਗਰੇਟ ਵੈਸਟ ਬਲਿਊਬੇਰੀ ਫਾਰਮ (ਗਰੇਵਾਲ ਅਤੇ ਤੂਰ ਫਾਰਮਜ਼) ਵਾਲਿਆਂ ਨੂੰ (ਡਿਊਕ, ਬਲੂ ਕਰਾਪ, ਐਲੀਅਟ, ਡਰੇਪਰ, ਲਿਬਰਟੀ) ਬੇਰੀ ਤੋੜਨ ਲਈ ਵਰਕਰਾਂ ਦੀ ਲੋੜ ਹੈ।ਤਨਖਾਹ ਹਰ ਦੋ ਹਫਤੇ ਬਾਦ ਦਿੱਤੀ ਜਾਵੇਗੀ।ਸਰੀ/ਡੈਲਟਾ ਤੋਂ ਰਾਈਡ ਦਾ ਪ੍ਰਬੰਧ ਹੋਵੇਗਾ।ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।ਆਪਣੀ ਰਾਈਡ ਵਾਲਿਆਂ ਨੂੰ ਪਹਿਲ ਅਤੇ ਵਧੇਰੇ ਰੇਟ, ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚੱਲੇਗਾ।

**ਸਾਨੂੰ ਕਲਾਸ 4 ਡਰਾਈਵਰਾਂ ਦੀ ਵੀ ਲੋੜ ਹੈ।**


**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

ਸੁਰਜੀਤ ਗਰੇਵਾਲ 604-722-9293

ਨਗਿੰਦਰ ਤੂਰ 604-724-7410

## SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



**ਸਾਡੇ ਨਾਲ ਅੱਜ ਹੀ ਸੰਪਰਕ ਕਰੋ**

Gary Varing: 604-807-3910 | Charlie Sandhu: 604-864-7711

## Rai Express Lines Ltd.



**Hiring**

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8


## BEST IDEA
KITCHEN CABINETS LTD.



RESIDENTIAL & COMMERCIAL

*Quality Workmanship *Reasonable Rates *Satisfaction Guaranteed

***We Specialize In:***
*Custom Kitchen Cabinets
*Bathroom Vanities
*Fire Places *Bars
*Entertainment Units



*For Free Estimates:* **Jasbir Thind:778-991-1233**

Email:bestideakitchencabinets.ca

**#107-12677-80Ave Surrey, BC V3W 3A6**

**Ph: 604.593.5276** Fax: 604.593.5736

# Home Improvement

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ: 604-725-6270

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖ਼ਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236
daljitsinghdhami@gmail.com

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413
sanjeevkumarsk52@gmail.com

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

Cell: 604-340-7497 Res: 604-543-8064

## STORM ELECTRIC LTD.

Residential & Commercial

Licenced & Bonded

*All Kinds Of Electrical Service
*Best Rate
*Friendly Service
*Quality Workmanship

Mandeep Dhaliwal
(Certified Electrician)

778-994-7207
Email:stormelectricltd@gmail.com

# HOME IMPROVEMENT


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।


**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## RIGHT TOUCH PAINTING Co.

RT

Residential & Commercial



- Interior & Exterior Painting
- Roller, Brush & Spray Painting
- Stucco Painting
- Re-Painting
- Fast & Friendly Service

Special Discount on Repaint

ਸਾਨੂੰ ਕੰਮ ਵਾਸਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ

**Call Ratinder: 604-765-3419**

## SINGH RAJ

RENOVATION CO.



**We noticed your house needs minor repair**
Unsure ofyourhousehold fixtures?
Just to replace or repair? **Get it Done Today!**

**We guaranteed Singh Raj Renovation is the smartest choice for household small jobs**

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**


## Ambrosia Renovation

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

**Sunny : 778-951-1699**

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਂਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ

**236-234-4081**

## Lionsbay Plumbing & Heating


- Plumbing
- Heating

- BOILERS & FURNACES REPAIR & REPLACEMENT
- HOT WATER TANK REPLACEMENT
- GAS FIREPLACES AND GAS STOVES
- ALL KINDS OF PLUMBING

- ਬੋਇਲਰ ਅਤੇ ਫਰਨੇਸ ਰਿਪੇਅਰ ਅਤੇ ਰਿਪਲੇਸਮੈਂਟ
- ਹਾਟ ਵਾਟਰ ਟੈਂਕ ਰਿਪਲੇਸਮੈਂਟ
- ਹਰ ਪ੍ਰਕਾਰ ਦੇ ਪਲੰਬਿੰਗ ਦੇ ਕੰਮ ਅਤੇ ਨਵੇਂ ਇੰਸਟੌਲੇਸ਼ਨ

ਵਧੀਆ ਸਰਵਿਸ ਅਤੇ ਵਾਜਿਬ ਰੇਟ

New Construction
Renovations &
Service Work





***Certified, Insured & Bonded***
***Plumbers & Gas Fitters***

**Off:604-802-5466**

**Jas Sekhon 778-378-8274**

Email:service@lionsbay.co

## GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

**604-306-3276**

Big Or Small, We Do It All

## (ਮੁੱਖ ਪੰਨੇ ਦੀ ਬਾਕੀ)

ਘਟਨਾ ਦਾ ਬੜਾ ਗੰਭੀਰ ਨੋਟਿਸ ਲਿਆ ਹੈ ਅਤੇ ਦੋਸ਼ੀ ਬ੍ਰਾਹਮਣਾ ਵਿਰੁੱਧ 27 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੇ ਸਖਤ ਕਾਰਵਾਈ ਨਾ ਕੀਤੀ ਤਾਂ ਇੱਕ ਵੱਡਾ ਸੰਘਰਸ਼ ਆਰੰਭਿਆ ਜਾਵੇਗਾ। ਇਸ ਘਟਨਾ ਨੂੰ ਦੇਖ ਕੇ ਸਮਝ ਆਉਂਦਾ ਹੈ ਕਿ ਜਿੱਥੇ ਜਿੱਥੇ ਬੀਜੇਪੀ ਦਾ ਰਾਜ ਪ੍ਰਬੰਧ ਹੈ ਅਤੇ ਜਿਸ ਰਾਜ ਨੂੰ ਉਹ ਰਾਮ ਰਾਜ ਦਾ ਦਰਜਾ ਦੇ ਕੇ ਭਾਰਤ ਦੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਸ ਰਾਜ ਵਿੱਚ ਦਲਿਤਾਂ ਅਤੇ ਘੱਟ ਗਿਣਤੀਆਂ ਦਾ ਜੋ ਹਾਲ ਹੋ ਰਿਹਾ ਹੈ। ਇਹ ਭਵਿੱਖ ਦੇ ਰਾਮ ਰਾਜ ਦੀ ਤਸਵੀਰ ਹੈ। ਬੀਜੇਪੀ ਅਤੇ ਆਰ ਐਸ ਐਸ ਹਰ ਰੋਜ ਦਾਹਵੇ ਕਰ ਰਹੀ ਹੈ ਕਿ ਅਸੀਂ ਸਭ ਧਰਮਾਂ ਜਾਤਾਂ ਬਰਾਦਰੀਆਂ ਦੇ ਹਿਤਾਂ ਦਾ ਖਿਆਲ ਰੱਖਾਂਗੇ। ਪ੍ਰੰਤੂ ਦਲਿਤਾਂ ਅਤੇ ਘੱਟਗਿਣਤੀਆਂ ਪ੍ਰਤੀ ਨਫਰਤ ਕੰਨਾਂ ਤੱਕ ਭਰੀ ਹੋਈ ਹੈ ਬੀਜੇਪੀ ਦੇ ਕੁੱਛੜ ਚੜ੍ਹੇ ਪੰਜਾਬ ਦੇ ਦਲਿਤ ਅਤੇ ਸਿੱਖ ਆਗੂਆਂ ਨੂੰ ਵੀ ਅੱਖਾਂ ਖੋਲ੍ਹ ਲੈਣੀਆਂ ਚਾਹੀਦੀਆਂ ਹਨ ਕਿ ਉਹ ਬੀਜੇਪੀ ਦੇ ਹੱਥ ਚੜ੍ਹਕੇ ਪੰਜਾਬ ਵਿੱਚ ਦਲਿਤਾਂ ਅਤੇ ਜੱਟਾਂ ਜਾਂ ਦਲਿਤਾਂ ਅਤੇ ਸਿੱਖ ਪੰਥ ਵਿੱਚ ਭੁਲੇਖੇ ਖੜ੍ਹੇ ਕਰਕੇ ਪਾੜਾ ਪਾਉਣ ਦੀ ਸਾਜ਼ਿਸ਼ ਵਿੱਚ ਮਦਦ ਕਰ ਰਹੇ ਹਨ। ਇਹਨਾਂ ਲੋਕਾਂ ਨੂੰ ਯੂਪੀ ਦੇ ਰਾਮ ਰਾਜ ਅਤੇ ਇਕੀਵੀ ਸਦੀ ਦੇ ਸੰਭੂਕ ਮਨੀ ਮੁਕਟ ਸਿੰਘ ਯਾਦਵ ਦੇ ਹਸ਼ਰ ਤੋਂ ਸਬਕ ਲੈਣਾ ਚਾਹੀਦਾ ਹੈ। ਹੁਣ ਪਤਾ ਲੱਗੇਗਾ ਕਿ ਪੰਜਾਬ ਵਿੱਚ ਜਾਤੀਵਾਦੀ ਵਿਤਕਰੇ ਦੇ ਬਿਰਤਾਂਤ ਨੂੰ ਹਵਾ ਦੇਣ ਵਾਲੇ ਸੰਘੀ ਸੰਦ ਇਸ ਮੁੱਦੇ 'ਤੇ ਕੀ ਬੋਲਦੇ ਨੇ। ਭਾਰਤ ਦਾ ਗੋਦੀ ਮੀਡੀਆ ਇਸ ਖਬਰ ਨੂੰ ਕਿਵੇਂ ਪੇਸ਼ ਕਰਦਾ ਹੈ ਅਤੇ ਐਨ ਆਈ ਏ ਜਾਂ ਹੋਰ ਏਜੰਸੀਆਂ ਅਤੇ ਸਰਕਾਰਾਂ ਕੀ ਐਕਸ਼ਨ ਕਰਦੀਆਂ ਹਨ।










ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1650
2 PCS SOFA & LOVE SEAT
$1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ *24 ਘੰਟੇ ਸਰਵਿਸ
WE OFFER VARIETY OF CARS OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES